
ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਵਾਰ ਦੀਏ ਸੁਤ ਚਾਰ



ਵਿਸ਼ਵ ਨਾਮਧਾਰੀ ਸੰਗਤ (ਰਜਿ:)

ਸ੍ਰੀ ਭੈਣੀ ਸਾਹਿਬ 141126



ਵਾਰ ਦੀਏ ਸੁਤ ਚਾਰ

ਵਿਸ਼ਵ ਨਾਮਧਾਰੀ ਸੰਗਤ (ਰਜਿ:)
ਸ੍ਰੀ ਭੈਣੀ ਸਾਹਿਬ-141126 ਜ਼ਿਲ੍ਹਾ ਲੁਧਿਆਣਾ

ਕਿਵੇਂ? ਕੀ ਹੋਇਆ, ਹੋਣੀ ਕਿਵੇਂ ਵਰਤੀ
ਸੂਰਜ ਜਾਣਦਾ ਏ ਜਾਂ ਫਿਰ ਚੰਦ ਜਾਣੇ
ਲਿਖੇ ਕਲਮ ਤਾਂ ਦੰਦਲ਼ਾਂ ਪੈਂਦੀਆਂ ਨੇ
ਖ਼ੂਨੀ ਕੰਧ ਜਾਣੇ ਜਾਂ ਸਰਹੰਦ ਜਾਣੇ।

— ਵਿਧਾਤਾ ਸਿੰਘ ਤੀਰ

ਸ੍ਰੀ ਸਤਿਗੁਰੂ ਜੀ ਦਾ
ਸੰਦੇਸ਼

ਸਾਰਾ ਸਿੱਖ ਸਮਾਜ ਸ੍ਰੀ ਕਲਗੀਧਰ ਪਾਤਸ਼ਾਹ ਦੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਤੀਸਰੀ ਸ਼ਤਾਬਦੀ ਮਨਾ ਰਿਹਾ ਹੈ। ਬਹੁਤ ਸ਼ਲਾਘਾਯੋਗ ਉੱਦਮ ਹੈ।

ਸਾਡੇ ਬੱਚੇ ਦੇ ਪੈਰ ਵਿਚ ਕੰਡਾ ਵੀ ਚੁੱਭ ਜਾਵੇ ਤਾਂ ਸਾਨੂੰ ਕਿੰਨੀ ਤਕਲੀਫ਼ ਹੁੰਦੀ ਹੈ। ਪਰ ਗੁਰੂ ਸਾਹਿਬ ਨੇ ਧਰਮ ਦੀ ਰੱਖਿਆ ਵਾਸਤੇ ਆਪਣੇ ਚਾਰੇ ਸਾਹਿਬਜ਼ਾਦੇ ਕੁਰਬਾਨ ਕੀਤੇ ਹਨ। ਸਿੱਖਾਂ ਨੂੰ ਇਹ ਮਾਣ ਦਿੱਤਾ ਕਿ ਕੀ ਹੋਇਆ ਜੇ ਚਾਰ ਪੁੱਤਰ ਮਾਰੇ ਗਏ ਹਨ, ਹਜ਼ਾਰਾਂ ਜਿਊਂਦੇ ਹਨ। ਸਾਨੂੰ ਸਿੱਖਾਂ ਨੂੰ ਆਪਣੇ ਪੁੱਤਰ ਹੋਣ ਦਾ ਮਾਣ ਦਿੱਤਾ।

ਇਹ ਸ਼ਤਾਬਦੀਆਂ ਮਨਾਉਣੀਆਂ ਤਾਂ ਹੀ ਸਾਰਥਕ ਹਨ ਜੇ ਸਾਡੇ ਬੱਚੇ ਰੋਮਾਂ ਦੀ ਬੇਅਦਬੀ ਨਾ ਕਰਨ, ਪੰਜ ਕਕਾਰਾਂ ਦੇ ਧਾਰਨੀ ਬਨਣ, ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰਕੇ ਨਾਮ ਜੱਪਣ, ਬਾਣੀ ਪੜ੍ਹਨ ਅਤੇ ਨਸ਼ੇ ਨਾ ਵਰਤਣ।

ਸਤਿਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ:-

ਨ ਛਾਡਉਂ ਕਹੂੰ ਦੁਸਟ ਅਸੁਰਨ ਨਿਸਾਨੀ
ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ॥

ਧਰਮ ਦੀ ਸਥਾਪਨਾ, ਨਾਮ ਜੱਪਣ ਤੋਂ ਬਿਨਾਂ ਨਹੀਂ ਹੋ ਸਕਦੀ। ਸੋ ਹਰ ਜੀਅ ਪ੍ਰਤੀ ਇਕ ਘੰਟਾ ਨਾਮ-ਸਿਮਰਨ ਅਤੇ ਹਰ ਪਰਿਵਾਰ ਪ੍ਰਤੀ ਮਹੀਨਾ ਇਕ ਪਾਠ ਸ੍ਰੀ ਆਦਿ ਜਾਂ ਦਸਮ ਦਾ ਜ਼ਰੂਰ ਕਰਿਆ ਕਰੋ।

ਸਿੱਖੀ ਅਣਖ ਦੀ

ਤਾਰਾ ਸਿੰਘ ਅਣਜਾਣ

ਸਾਹਿਬਜ਼ਾਦਿਆਂ ਸਰ ਸਰਹੰਦ ਕੀਤੀ,
ਹਾਰ ਗਏ ਨਵਾਬ ਵਜ਼ੀਰ ਸਾਰੇ।
ਸੀਸ ਦੇ ਕੇ ਸਿਰੜ ਸੰਭਾਲਿਆ ਏ,
ਹੱਥ ਮਲਣ ਪਏ ਈਨ ਮਨਾਉਣ ਹਾਰੇ।
ਉਹਨਾਂ ਦੀਨ ਇਸਲਾਮ ਠੁਕਰਾ ਦਿੱਤਾ,
ਕਾਜੀ ਮੁੱਲਾਂ ਦੇ ਚੱਲੇ ਨਾ ਕੋਈ ਚਾਰੇ।
ਚਹੁੰ ਪਾਸੀਂ ਅਵਾਜ਼ ਗੁੰਜਾਈ ਉਹਨਾਂ,
ਸਾਨੂੰ ਜਾਨ ਨਹੀਂ, ਸਿੱਖੀ ਅਸੂਲ ਪਿਆਰੇ।
ਪਿਆਰੇ ਇਹ ਫਰਜ਼ੰਦ ਦਸਮੇਸ਼ ਗੁਰ ਦੇ,
ਅਣਖ ਲਈ ਸ਼ਹੀਦੀਆਂ ਪਾ ਗਏ ਨੇ।
ਗੁਰ ਸਿੱਖੀ ਨੂੰ ਲੱਗੇ ਨਾ ਦਾਗ ਕੋਈ,
ਸਾਨੂੰ ਸਦਾ ਲਈ ਸਬਕ ਸਿਖਾ ਗਏ ਨੇ।
ਕੇਵਲ ਨਹੀਂ ਸਰਹਿੰਦ ਸ਼ਹੀਦ ਹੋਏ,
ਪੰਜ ਪੀੜ੍ਹੀਆਂ ਤੋਂ ਗੀਤਾਂ ਪਿਆਰੀਆਂ ਨੇ।
ਤੇਗਾਂ ਕਦੇ ਚਮਕੌਰ 'ਚ ਚਮਕੀਆਂ ਨੇ,
ਲਾਈਆਂ ਵੈਰੀ ਦੇ ਲਹੂ 'ਚ ਤਾਰੀਆਂ ਨੇ।
ਸਾਕਾ ਕੀਤਾ ਏ ਧਰਮ ਲਈ ਕਦੀ ਦਿੱਲੀ,
ਜਾਨਾਂ ਭਾਰਤੀ ਸ਼ਰ੍ਹਾ ਤੋਂ ਵਾਰੀਆਂ ਨੇ।

ਤਪਦੀ ਲੋਹ ਤੇ ਕਦੀ ਲਹੌਰ ਬਹਿ ਕੇ,
ਸ਼ਹਾਦਤ ਪੱਟੀਆਂ ਲਿਖੀਆਂ ਸਾਰੀਆਂ ਨੇ।
ਇਹਨਾਂ ਕਰਕੇ ਸ਼ਹਾਦਤ ਦਾ ਧਰੂ ਤਾਰਾ,
ਵਿਚ ਗਗਨ ਪਛਾਣਿਆਂ ਜਾਂਵਦਾ ਏ।
ਸੱਤ ਤਾਰੇ ਨਹੀਂ ਸੀਸ ਨੇ ਗੁਰੂ ਕੁਲ ਦੇ,
ਉਹਨਾਂ ਆਸਰੇ ਚਮਕ ਟਿਕਾਂਵਦਾ ਏ।
ਉਹਨਾਂ ਵਿਚੋਂ ਇਹ ਜੋੜੀ ਛੁਟੇਰੜੀ ਸੀ,
ਐਪਰ ਦ੍ਰਿੜ੍ਹਤਾ ਵੱਡੀ ਕਮਾਲ ਦੀ ਸੀ।
ਜਿਹੜੀ ਕੂੜ ਕਚਹਿਰੀ ਸੁਣਾ ਦਿੱਤੀ
ਗਰਜ ਉਹਨਾਂ ਦੀ ਬੇਮਿਸਾਲ ਦੀ ਸੀ।
ਰਿਦੇ ਅਣਖ ਦੀ ਗਰਮੀ ਦਾ ਅੰਤ ਨਾਹੀ,
ਚਾਹੇ ਰੁੱਤ ਅੱਤ ਠੰਡੇ ਸਿਆਲ ਦੀ ਸੀ।
ਨਾਲ ਨਿੱਘ ਸੀ ਦਾਦੀ ਦੀ ਸਿੱਖਿਆ ਦੀ,
ਤਾਕਤ ਮੰਨੀ ਉਹਨਾਂ ਇਕੋ ਅਕਾਲ ਦੀ ਸੀ।
ਜਾਨਾਂ ਘੋਲ ਘੁਮਾ ਕੇ ਮਹਿਲ ਚਿਣਿਆਂ,
ਓਸੇ ਮਹਿਲ 'ਚ ਸਿੱਖੀ ਦੀ ਸ਼ਾਨ ਦਿੱਸੇ।
ਵਧੀ ਆਨ ਦਿਸੇ, ਵਧੀਆ ਮਾਨ ਦਿਸੇ,
ਸਾਰਾ ਵੱਸਿਆ ਇਹ ਜਹਾਨ ਦਿਸੇ।

ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਵਰਿਆਮ ਸਿੰਘ ਸੰਧੂ

ਕੇਵਲ ਚਾਲੀ ਸਿੰਘਾਂ ਦੇ ਵਫ਼ਾਦਾਰ ਅਤੇ ਬਹਾਦਰ ਸਾਥ ਵਿਚ ਗੁਰੂ ਗੋਬਿੰਦ ਸਿੰਘ ਹੁਰਾਂ ਦੀ ਅਗਵਾਈ ਵਿਚ ਦੁਸ਼ਮਣ ਦੀਆਂ ਟਿੱਡੀ ਦਲ ਵਾਂਗ ਧਾ ਕੇ ਆ ਟੁੱਟੀਆਂ ਫ਼ੌਜਾਂ ਨਾਲ ਲੜੀ ਗਈ 'ਚਮਕੌਰ ਦੀ ਜੰਗ' ਸ਼ਾਇਦ ਦੁਨੀਆਂ ਦੀ ਪਹਿਲੀ ਸਭ ਤੋਂ ਅਸਾਂਵੀ ਜੰਗ ਸੀ, ਜਿਸ ਵਿਚ ਏਡੀ ਵੱਡੀ ਦੁਸ਼ਮਣ ਫ਼ੌਜ ਨੂੰ 'ਹਾਰ' ਦਾ ਸਾਹਮਣਾ ਕਰਨਾ ਪਿਆ। 'ਹਾਰ' ਇਸ ਕਰਕੇ ਕਿ ਸਿੱਖਾਂ ਦੇ ਗੁਰੂ ਨੂੰ ਜਿਉਂਦਿਆਂ ਕਾਬੂ ਕਰ ਲੈਣ ਦਾ ਉਹਨਾਂ ਦਾ ਹਰ ਚਾਰਾ ਫੇਲ੍ਹ ਹੋ ਗਿਆ ਤੇ ਗੁਰੂ ਸਾਹਿਬ ਰਾਤ ਦੇ ਹਨੇਰੇ ਵਿਚ ਦੁਸ਼ਮਣ ਦੀਆਂ ਫ਼ੌਜਾਂ ਨੂੰ ਲਲਕਾਰਦੇ ਤੇ ਵੰਗਾਰਦੇ ਹੋਏ ਕਿ "ਆ ਜਾਓ। ਫੜ ਲਵੋ... ਜੇ ਕਿਸੇ ਵਿਚ ਹਿੰਮਤ ਹੈ ਤਾਂ! ਸਿੱਖਾਂ ਦਾ ਗੁਰੂ ਚੱਲਿਆ ਜੇ..." ਦੁਸ਼ਮਣ ਦੀਆਂ ਸਫ਼ਾਂ ਵਿਚ ਹਫ਼ੜਾ-ਦਫੜੀ ਮਚਾ ਕੇ ਬਚ ਕੇ ਨਿਕਲ ਗਏ ਤੇ ਦੁਸ਼ਮਣ ਨਿਰਾਸ਼ਾ ਤੇ ਨਮੋਸ਼ੀ ਦੇ ਆਲਮ ਵਿਚ ਡੁੱਬਾ ਹੱਥ ਮਲਦਾ ਰਹਿ ਗਿਆ। ਉਹ ਗੁਰੂ ਜੀ ਨੂੰ ਨਾ 'ਤਨੋਂ' ਕਾਬੂ ਕਰ ਸਕੇ ਤੇ ਨਾ ਹੀ ਮਨੋਂ। ਤਨ-ਮਨ ਦੇ ਅਜੇਤੂ ਗੁਰੂ ਜੀ ਦਾ ਅਗੰਮੀ ਜਲੌਅ ਉਹਨਾਂ ਦੀ ਰਚਨਾ 'ਜ਼ਫ਼ਰਨਾਮਾ' ਵਿਚੋਂ ਭਲੀ-ਭਾਂਤ ਪ੍ਰਗਟ ਹੁੰਦਾ ਹੈ। 'ਜ਼ਫਰਨਾਮਾ' ਤਾਂ ਹੈ ਹੀ ਚਮਕੌਰ ਦੀ ਜੰਗ ਸੰਬੰਧੀ ਪੇਸ਼ ਕੀਤੀ ਗਈ ਗੁਰੂ ਸਾਹਿਬ ਦੀ ਚਸ਼ਮਦੀਦ ਗਵਾਹੀ। ਜ਼ਫ਼ਰਨਾਮਾ ਦਾ ਤਾਂ ਭਾਵ ਹੀ ਇਹੋ ਹੈ 'ਫਤਹਿ ਦੀ ਚਿੱਠੀ'। ਆਲਮਗੀਰ ਜਾਂ ਜਗਤ-ਜੇਤੂ ਆਖੇ ਜਾਂਦੇ ਔਰੰਗਜ਼ੇਬ ਨੂੰ ਉਸ ਦੀਆਂ ਵਧੀਕੀਆਂ, ਵਾਅਦਾ-ਖ਼ਿਲਾਫ਼ੀਆਂ, ਜਬਰ ਤੇ ਜ਼ੁਲਮ ਨੂੰ ਯਾਦ ਕਰਾਉਂਦੀ ਇਸ 'ਜਿੱਤ ਦੀ ਚਿੱਠੀ' ਵਿਚ ਗੁਰੂ ਸਾਹਿਬ ਵੱਲੋਂ ਜਿਸ ਦਲੇਰੀ, ਨਿਰਭੈਤਾ, ਦ੍ਰਿੜ੍ਹਤਾ, ਸ੍ਵੈ-ਮਾਣ ਤੇ ਸ੍ਵੈ-ਭਰੋਸੇ ਦਾ ਪ੍ਰਗਟਾਵਾ ਕੀਤਾ ਗਿਆ ਉਸਦੇ ਸਾਹਮਣੇ ਲੱਖਾਂ ਔਰੰਗਜ਼ੇਬਾਂ ਦੀ ਆਲਮਗੀਰੀ' ਹੇਚ ਹੈ। ਇਰਾਦੇ ਦੀ ਇਹ ਬੁਲੰਦੀ, ਚੜ੍ਹਦੀ ਕਲਾ ਦੀ ਇਹ ਚਮਕ 'ਜ਼ਫਰਨਾਮੇ' ਵਿਚੋਂ ਉਦੋਂ

ਲਿਸ਼ਕੀ ਜਦੋਂ ਗੁਰੂ ਸਾਹਿਬ ਬਿਲਕੁਲ ਬੇਸਰੋਸਮਾਨੀ ਦੀ ਹਾਲਤ ਵਿਚ ਹਨ। ਸਾਰਾ ਪਰਿਵਾਰ ਬਿਖ਼ਰ ਚੁੱਕਾ ਹੈ, ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਸ਼ਹੀਦ ਹੋ ਚੁੱਕੇ ਹਨ।

ਅਜਿਹੇ ਭਿਆਨਕ ਦੁੱਖਾਂ ਚੋਂ ਗੁਜ਼ਰਨਾ ਕੋਈ ਸਹਿਲ-ਕਾਰਜ ਨਹੀਂ ਜਦੋਂ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਜਿਗਰ ਦੇ ਟੋਟਿਆਂ ਨੂੰ ਦੁਸ਼ਮਣ ਦੇ ਫੱਟ ਖਾ ਕੇ ਸ਼ਹੀਦ ਹੁੰਦਿਆਂ ਵੇਖਣਾ ਪਵੇ ਅਤੇ ਫਿਰ ਜ਼ਫ਼ਰਨਾਮਾ ਲਿਖਦੇ ਸਮੇਂ ਉਸ ਸਾਰੇ ਦੁੱਖ ਅਤੇ ਦ੍ਰਿਸ਼ ਨੂੰ ਮੁੜ ਚਿਤਵਣਾ ਤੇ ਜਿਉਣਾ ਕਿੰਨਾ ਕਸ਼ਟਦਾਇਕ ਹੋਵੇਗਾ, ਇਸਦੀ ਹਸਾਸ ਮਨ ਕਲਪਨਾ ਕਰਨ ਤੋਂ ਵੀ ਅਸਮਰੱਥ ਹੈ ਪਰ ਸਭ ਕੁਝ ਵਾਪਰ ਜਾਣ ਤੋਂ ਪਿੱਛੋਂ ਵੀ ਇਨਸਾਨੀ ਕਿਰਦਾਰ ਦੀ ਬੁਲੰਦੀ ਦੀ ਮੜਕ ਅਤੇ ਸ਼ੇਰ ਵਰਗੀ ਬੜ੍ਹਕ ਗੁਰੂ ਸਾਹਿਬ ਦੀ ਸਦਾ ਅਜੇਤੂ ਸਿਰੜੀ ਤੇ ਸਿਦਕਵਾਨ ਰੂਹ ਦੇ ਦੀਦਾਰ ਕਰਵਾਉਂਦੀ ਹੈ।

ਅਨੰਦਪੁਰ ਛੱਡਣ ਲੱਗਿਆਂ ਇਤਿਹਾਸ ਦੇ ਵੀ ਸ਼ਾਇਦ ਚਿਤ ਚੇਤੇ ਨਾ ਹੋਵੇ ਕਿ ਅਗਲੇ ਕੁਝ ਹੀ ਦਿਨਾਂ ਵਿਚ ਗੁਰੂ ਸਾਹਿਬ, ਉਹਨਾਂ ਦੇ ਪਰਵਾਰ ਅਤੇ ਸੰਗੀਆਂ ਸਾਥੀਆਂ ਨੂੰ ਇਸ ਤਰ੍ਹਾਂ ਦੇ ਡੂੰਘੇ ਦੁੱਖ ਅਤੇ ਅਜ਼ਾਬ ਵਿਚੋਂ ਗੁਜ਼ਰਨਾ ਪੈਣਾ ਹੈ ਤੇ ਇਸ ਦੁੱਖ ਅਤੇ ਪੀੜ ਨੇ ਦਿਨ-ਬ-ਦਿਨ ਗੂੜ੍ਹਿਆਂ ਹੁੰਦੇ ਜਾਣਾ ਹੈ। 21 ਦਸੰਬਰ 1704 ਨੂੰ ਅਨੰਦਪੁਰ ਛੱਡਣ ਸਮੇਂ ਜੀਵਤ ਸਿੰਘਾਂ ਦੀ ਗਿਣਤੀ ਹਜ਼ਾਰ ਕੁ ਤੋਂ ਕੁਝ ਵੱਧ ਦੱਸੀ ਜਾਂਦੀ ਹੈ। ਦੋ ਕੁ ਦਿਨ ਪਹਿਲਾਂ ਪਹਾੜਾਂ 'ਤੇ ਮੀਂਹ ਹੋਣਕਰਕੇ ਹੜਿਆਈ ਸਰਸਾ ਨਦੀ ਸ਼ੂਕਦੀ ਹੋਈ ਵਹਿ ਰਹੀ ਸੀ। ਠੰਢੀ ਹਵਾ ਜਿਸਮਾਂ ਨੂੰ ਚੀਰਦੀ ਜਾ ਰਹੀ ਸੀ ਜਦੋਂ ਦੁਸ਼ਮਣ ਦੀਆਂ ਫ਼ੌਜਾਂ ਸਭ ਕੀਤੇ ਕੌਲ-ਕਰਾਰ ਤੇ ਕਸਮਾਂ ਭੁਲਾ ਕੇ ਗੁਰੂ ਜੀ ਦੇ ਕਾਫ਼ਲੇ ਉੱਤੇ ਆ ਟੁੱਟੀਆਂ, ਸਿੰਘਾਂ ਨੇ ਚੜ੍ਹੀਆਂ ਆ ਰਹੀਆਂ ਵੈਰੀ ਦਲ ਦੀਆਂ ਕਾਂਗਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਬਹੁਤ ਸਾਰੇ ਸਿੰਘ ਮੈਦਾਨ-ਏ-ਜੰਗ ਵਿਚ ਸ਼ਹਾਦਤ ਦਾ ਜਾਮ ਪੀ ਗਏ। ਕੁਝ ਸਰਸਾ ਦੇ ਤੇਜ਼ ਹੜ੍ਹ ਆਏ ਪਾਣੀ ਵਿਚ ਰੁੜ ਗਏ। ਪਰਵਾਰ ਬਿਖ਼ਰ ਗਿਆ। ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਨੂੰ ਤੁਰ ਗਏ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਨਾਲ ਰੋਪੜ ਨੂੰ ਚਲੀਆਂ ਗਈਆਂ ਤੇ ਪਿੱਛੋਂ ਭਾਈ ਮਨੀ ਸਿੰਘ ਨਾਲ

ਦਿੱਲੀ ਚਲੀਆਂ ਗਈਆਂ।

ਸਰਸਾ ਤੋਂ ਪਾਰ ਜਾ ਕੇ ਗੁਰੂ ਜੀ ਬਚ ਗਏ ਆਪਣੇ ਚਾਲੀ ਸਿੰਘਾਂ ਦੇ ਸਾਥ ਚਮਕੌਰ ਪਿੰਡ ਵਿਚ ਪਹੁੰਚੇ। ਇਕ ਅੰਬਾਂ ਦੇ ਬਾਗ ਵਿਚ ਟਿਕਾਣਾ ਕਰਕੇ ਇਸ ਜਗ੍ਹਾ ਦਾ ਲੜੀ ਜਾਣ ਵਾਲੀ ਲੜਾਈ ਦੇ ਹਿਸਾਬ ਨਾਲ ਨਿਰੀਖਣ ਕਰਨ ਲੱਗੇ। ਘੋਰ ਸੰਕਟ ਅਤੇ ਤਣਾਓ ਦੀ ਘੜੀ ਵਿਚ ਅਜਿਹਾ ਦਿਮਾਗੀ ਤਵਾਜ਼ਨ ਬਣਾਈ ਰੱਖਣਾ ਗੁਰੂ ਜੀ ਦੇ ਮਹਾਨ ਫ਼ੌਜੀ ਜਰਨੈਲ ਹੋਣ ਦੀ ਸ਼ਾਹਦੀ ਭਰਦਾ ਹੈ। ਪਿੰਡ ਵਿਚ ਇਕ ਮਜ਼ਬੂਤ ਹਵੇਲੀ ਸੀ, ਜਿਸਨੂੰ ਕੱਚੀ ਗੜ੍ਹੀ ਆਖਦੇ ਸਨ, ਉਹ ਥਾਂ ਗੁਰੂ ਜੀ ਨੂੰ ਟਾਕਰੇ ਲਈ ਸਭ ਤੋਂ ਢੁਕਵੀਂ ਲੱਗੀ ਅਤੇ ਉਹਨਾਂ ਨੇ ਗੜ੍ਹੀ ਦੇ ਮਾਲਕ ਤੋਂ ਕਬਜ਼ਾ ਲੈ ਕੇ ਗੜ੍ਹੀ ਵਿਚ ਡੇਰੇ ਲਾ ਲਏ ਅਤੇ ਜੰਗ ਲੜਨ ਲਈ ਯੋਜਨਾਬੰਦੀ ਕਰਨ ਲੱਗੇ। ਉਧਰ ਦੁਸ਼ਮਣ ਵੀ ਸੂਹਾਂ ਲੈਂਦੇ ਪੈੜਾਂ ਨੱਪਦਾ ਚਮਕੌਰ ਪਹੁੰਚ ਗਿਆ ਤੇ ਰਾਤੋ ਰਾਤ ਮੁਗਲ ਅਤੇ ਪਹਾੜੀ ਫ਼ੌਜਾਂ ਨੇ ਚਮਕੌਰ ਨੂੰ ਘੇਰੇ ਵਿਚ ਲੈ ਲਿਆ।

ਗੁਰੂ ਜੀ ਨੇ ਗੜ੍ਹੀ ਵਿਚ ਮੋਰਚਾਬੰਦੀ ਕਰਕੇ ਗੜ੍ਹੀ ਦੀਆਂ ਚਹੁੰ ਨੁੱਕਰਾਂ ਵਿਚ ਕੁਝ ਸਿੰਘ ਤਾਇਨਾਤ ਕਰ ਦਿੱਤੇ ਤਾਂ ਕਿ ਦੁਸ਼ਮਣ ਦੀਆਂ ਸਰਗਰਮੀਆਂ ਦੀ ਚਾਰੇ ਪਾਸਿਓਂ ਖੁੜਕ ਰੱਖੀ ਜਾ ਸਕੇ। ਭਾਈ ਆਲਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਸੰਤਰੀਆਂ ਦੀ ਡਿਊਟੀ ਸੌਂਪੀ ਗਈ। ਭਾਈ ਦਇਆ ਸਿੰਘ, ਭਾਈ ਸੰਗਤ ਸਿੰਘ, ਦੋਵੇਂ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਆਪ ਗੜ੍ਹੀ ਦੀ ਉਪਰਲੀ ਮੰਜ਼ਿਲ 'ਤੇ ਮੋਰਚੇ ਸੰਭਾਲ ਕੇ ਬੈਠ ਗਏ।

ਦਿਨ ਚੜ੍ਹਦਿਆਂ ਹੀ ਨਾਹਰ ਖ਼ਾਂ ਅਤੇ ਖ੍ਵਾਜਾ ਜ਼ਫਰ ਬੇਗ ਦੀ ਅਗਵਾਈ ਵਿਚ ਦੁਸ਼ਮਣ ਦੀਆਂ ਫ਼ੌਜਾਂ ਗੜ੍ਹੀ ਵੱਲ ਸ਼ੂਕਦੇ ਤੂਫ਼ਾਨ ਵਾਂਗ ਵਧੀਆਂ ਪਰ ਤੀਰਾਂ ਅਤੇ ਗੋਲੀਆਂ ਦੀ ਗੜ੍ਹੀ ਵੱਲੋਂ ਆਉਂਦੀ ਵਾਛੜ ਨੇ ਉਹਨਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਦੁਪਹਿਰ ਤੱਕ ਦੁਸ਼ਮਣ ਨੇ ਕਈ ਹੱਲੇ ਬੋਲੇ ਪਰ ਹਰ ਵਾਰ ਮੂੰਹ ਦੀ ਖਾ ਕੇ ਪਿੱਛੇ ਪਰਤਣਾ ਪਿਆ। ਇਹ ਸੰਸਾਰ ਦਾ ਸਭ ਤੋਂ ਅਸਾਂਵਾਂ ਯੁਧ ਚੱਲ ਰਿਹਾ ਸੀ। ਗੁਰੂ ਜੀ ਆਪ ਇਸ ਦੋ ਧਿਰੇ ਅਸਾਂਵੇਂ ਮੁਕਾਬਲੇ ਬਾਰੇ ਜ਼ਫ਼ਰਨਾਮਾ ਵਿਚ ਲਿਖਦੇ ਹਨ ਕਿ ਭੁੱਖਣ-ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜਦੋਂ ਉਹਨਾਂ ਉਤੇ

ਅਚਾਨਕ ਦਸ ਲੱਖ ਫੌਜ ਟੁੱਟ ਪਵੇ।

'ਚਿ ਕਾਰੇ ਕੁਨਦ ਚਿਹਲ ਨਰ
ਕਿ ਦਹ ਲਕ ਬਰਾਯੱਦ ਬਰੂ-ਬੇਖ਼ਬਰ'॥

ਉਹ ਇਹ ਵੀ ਲਿਖਦੇ ਹਨ।

ਬਰੰਗਿ ਮਗਸ ਸਯਾਹਪੋਸ਼ ਆਮਦੰਦ॥
ਬ: ਯਕ ਬਾਰਗੀ ਖਰੋਸ਼ ਆਮਦੰਦ॥

ਭਾਵ: ਤੇਰੀ ਸਯਾਹਪੋਸ਼ ਫੌਜ ਮੱਖੀਆਂ ਵਾਂਗ ਆ ਪਈ ਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ।

ਇਸ ਅਸਾਂਵੀ ਜੰਗ ਵਿਚ ਵੀ ਗੜ੍ਹੀ 'ਚੋਂ ਵਰ੍ਹਦੀਆਂ ਗੋਲੀਆਂ ਅਤੇ ਤੀਰਾਂ ਨੇ ਦੁਸ਼ਮਣ ਫ਼ੌਜਾਂ ਦੀਆਂ ਲੋਥਾਂ ਦੇ ਢੇਰ ਲਾ ਦਿੱਤੇ। ਗੁੱਸੇ ਵਿਚ ਆਇਆ ਨਾਹਰ ਖਾਂ ਮੈਦਾਨ ਵਿਚ ਅੱਗੇ ਆਇਆ ਤਾਂ ਗੁਰੂ ਜੀ ਦੇ ਤੀਰ ਦੀ ਬੁਰਕੀ ਬਣ ਗਿਆ। ਖੁਆਜਾ ਜ਼ਫ਼ਰ ਬੇਗ ਵੀ ਅੱਗੇ ਵਧਿਆ ਤੇ ਗੁਰੂ ਜੀ ਦੇ ਸ਼ੂਕਦੇ ਤੀਰ ਤੋਂ ਬਚਣ ਲਈ ਦੀਵਾਰ ਓਹਲੇ ਹੋ ਕੇ ਜਾਨ ਬਚਾਈ। ਗੁਰੂ ਜੀ ਦੋਵਾਂ ਮੁਗਲ ਜਰਨੈਲਾਂ ਬਾਰੇ ਜ਼ਫ਼ਰਨਾਮਾ ਵਿਚ ਖੁਦ ਲਿਖਦੇ ਹਨ:

ਚ ਕਦੀਮ ਕਿ ਨਾਹਰ ਬਿਯਾਮਦ ਬਜੰਗ॥
ਚਸ਼ੀਦ: ਯਕ ਤੀਰਿ ਮਨ ਬੇਦਰੰਗ॥

"ਜਦ ਮੈਂ ਨਾਹਰ ਖਾਨ ਨੂੰ ਮੈਦਾਨ-ਏ-ਜੰਗ ਵਿਚ ਆਇਆ ਵੇਖਿਆ ਤਾਂ ਉਸਨੇ ਫ਼ੌਰਨ ਹੀ ਮੇਰੇ ਤੀਰ ਦਾ ਸੁਆਦ ਚੱਖਿਆ ਅਰਥਾਤ ਉਹ ਤੀਰ ਖਾ ਕੇ ਥਾਂ ਹੀ ਢੇਰੀ ਹੋ ਗਿਆ।

ਉਹ ਜ਼ਫਰ ਬੇਗ ਬਾਰੇ ਲਿਖਦੇ ਹਨ ਕਿ ਉਹ ਬੁਜ਼ਦਿਲਾਂਵਾਂਗ ਦੀਵਾਰ ਦੀ ਓਟ ਹੇਠਾਂ ਹੀ ਰਿਹਾ।

ਦਰੇਗ਼ਾਂ ਅਗਰ ਰੂਏ ਊ ਦੀਦ ਮੇਂ।
ਬ-ਯਕ ਤੀਰ ਲਾਚਾਰ ਬਖ਼ਸ਼ੀਦ ਮੇਂ।

'ਅਫ਼ਸੋਸ ਜੇ ਮੈਂ ਉਸਦਾ ਚਿਹਰਾ ਵੇਖ ਲੈਂਦਾ ਤਾਂ ਇਕ ਤੀਰ ਉਸਨੂੰ ਵੀ ਬਖ਼ਸ਼ ਦਿੰਦਾ।'

ਜਦੋਂ ਗੜ੍ਹੀ ਵਿਚ ਗੋਲੀ ਸਿੱਕਾ ਥੋੜ੍ਹਾ ਰਹਿ ਗਿਆ ਤਾਂ ਗੁਰੂ ਜੀ ਅਤੇ ਅੰਦਰਲੇ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਹੁਣ ਥੋੜ੍ਹੀ ਥੋੜ੍ਹੀ ਗਿਣਤੀ ਵਿਚ

ਸਿੰਘ ਗੜ੍ਹੀ ਤੋਂ ਬਾਹਰ ਨਿਕਲ ਕੇ ਦੁਸ਼ਮਣ ਨਾਲ ਦੋ ਦੋ ਹੱਥ ਕਰਨ। ਪੰਜ ਪੰਜ ਸਿੰਘਾਂ ਦੇ ਸ਼ਹੀਦੀ ਜਥੇ ਗੜ੍ਹੀ ਤੋਂ ਬਾਹਰ ਜਾਣ ਲੱਗੇ। ਗੜ੍ਹੀ ਉਪਰੋਂ ਗੁਰੂ ਜੀ ਦੇ ਤੀਰ ਉਹਨਾਂ ਦੀ ਸੁਰੱਖਿਆ ਛਤਰੀ ਬਣਨ ਲੱਗੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਦਿੱਤਾ ਬਚਨ ਚਮਕੌਰ ਦੀ ਜੰਗ ਵਿਚ ਅਮਲ ਦੀ ਕਸਵੱਟੀ ਉਤੇ ਪਰਖ਼ਿਆ ਜਾ ਰਿਹਾ ਸੀ।

ਅੰਤ ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰੂ ਪਿਤਾ ਤੋਂ ਜੰਗ ਨੂੰ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੁੱਤਰ ਨੂੰ ਗਲ ਨਾਲ ਲਾ ਕੇ ਗਦ-ਗਦ ਆਵਾਜ਼ ਵਿਚ ਆਖਿਆ, "ਅਜੀਤ ਸਿੰਘਾ! ਬਿਨਾਂ-ਬੁਲਾਏ ਆ ਗਿਐਂ। ਸ਼ਹੀਦ ਬਾਬੇ ਦੀ ਇੱਜ਼ਤ ਰੱਖ ਲਈ ਊ। ਸਿੱਖੀ ਦਾ ਮਾਣ ਰੱਖ ਲਿਆ ਈ। ਤੈਨੂੰ ਆਵਾਜ਼ ਮਾਰ ਕੇ ਬੁਲਾਉਣਾ ਪੈਂਦਾ ਤਾਂ ਸਿੱਖੀ ਦੀ ਸ਼ਾਨ ਗ੍ਰਿਹਣੀ ਜਾਣੀ ਸੀ।"

ਸ਼ਾਇਰਾਨਾ ਤਸੱਵਰ ਵਾਲੇ ਲੋਕ ਸਟੇਜਾਂ ਉੱਤੇ ਆਖਿਆ ਕਰਦੇ ਸਨ ਕਿ ਜਦੋਂ ਗੜ੍ਹੀ ਤੋਂ ਬਾਹਰ ਜੂਝ ਰਹੇ ਸਿੰਘਾਂ ਵਿਚੋਂ ਕੋਈ ਜ਼ਖ਼ਮ ਖਾ ਕੇ ਸ਼ਹੀਦ ਹੋ ਕੇ ਧਰਤੀ ਉੱਤੇ ਡਿਗਦਾ ਤਾਂ ਗੁਰੂ ਜੀ, 'ਬੋਲੇ ਸੋ ਨਿਹਾਲ- ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਉਂਦੇ। ਦੁਸ਼ਮਣ 'ਚੋਂ ਕਿਸੇ ਨੇ ਕਿਹਾ, "ਬਿਗਾਨੀਆਂ ਮਾਵਾਂ ਦੇ ਪੁੱਤ ਮਰਦੇ ਨੇ ਨਾ। ਪਤਾ ਉਦੋਂ ਲੱਗੂ ਜਦੋਂ ਆਪਣੇ ਪੁੱਤ ਦੇ ਸੀਨੇ ਵਿਚ ਗੋਲੀ ਲੱਗੀ।"

ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਮੈਦਾਨੇ ਜੰਗ ਵਿਚ ਆਪਣੀ ਤਲਵਾਰ ਦੇ ਜੌਹਰ ਵਿਖਾਉਂਦਾ" ਨਾਮ ਕਾ ਅਜੀਤ ਹੂੰ, ਜੀਤਾ ਨਹੀਂ ਜਾਊਂਗਾ", ਗੁਣਗੁਣਾਉਂਦਾ ਸ਼ਹੀਦ ਹੋ ਕੇ ਧਰਤੀ 'ਤੇ ਡਿੱਗਾ ਤਾਂ ਸਤਿਗੁਰਾਂ ਨੇ ਆਕਾਸ਼ ਗੂੰਜਾਉਂਦਾ ਨਾਅਰਾ ਬੁਲੰਦ ਕੀਤਾ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਤੇ ਫਿਰ ਸ਼ੁਕਰਾਨੇ ਵਜੋਂ ਅਕਾਲ ਪੁਰਖ ਅੱਗੇ ਹੱਥ ਜੋੜੇ।

ਨਿਸ਼ਚੈ ਹੀ ਅਜੀਤ ਸਿੰਘ ਨੂੰ ਜੰਗ ਨੂੰ ਜਾਣ ਤੋਂ ਰੋਕਣ ਲਈ ਨਾਲ ਦੇ ਸਿੰਘਾਂ ਨੇ ਤਰਲਾ ਲਿਆ ਹੋਵੇਗਾ ਤੇ ਉਸਦੀ ਥਾਂ ਆਪ ਜੰਗ ਨੂੰ ਜਾਣ ਲਈ ਬੇਨਤੀ ਕੀਤੀ ਹੋਵੇਗੀ ਪਰ ਕਲਗੀਧਰ ਪਿਤਾ ਨੇ ਕਿਹਾ ਹੋਵੇਗਾ, "ਮੈਂ ਇਤਿਹਾਸ ਨੂੰ ਦੱਸਣਾ ਹੈ ਕਿ ਮੇਰੇ ਪੁੱਤਰ ਜੇ ਸਭ ਤੋਂ ਪਹਿਲਾਂ ਨਹੀਂ ਤਾਂ ਸਭ ਤੋਂ ਅਖ਼ੀਰ ਵਿਚ ਸ਼ਹੀਦ ਹੋਣ ਲਈ ਵੀ ਨਹੀਂ ਰੱਖੇ ਜਾ ਸਕਦੇ..."

ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ ਤੋਂ ਪਿੱਛੋਂ ਛੋਟਾ ਸਾਹਿਬਜ਼ਾਦਾ ਜੁਝਾਰ ਸਿੰਘ ਜੰਗ ਨੂੰ ਜਾਣ ਦੀ ਆਗਿਆ ਮੰਗਣ ਲੱਗਾ, ਉਸਨੂੰ ਵੀ ਗਲ ਨਾਲ ਲਾ ਕੇ ਪਿਤਾ ਜੀ ਨੇ ਹੱਥੀਂ ਤਲਵਾਰ ਦੇ ਕੇ ਜੰਗ ਨੂੰ ਤੋਰਿਆ। ਕਈ ਭੁੱਲੜ ਆਖਦੇ ਹਨ ਕਿ ਜੰਗ 'ਚੋਂ ਪਰਤ ਕੇ ਜੁਝਾਰ ਸਿੰਘ ਆਪਣੀ ਪਿਆਸ ਬੁਝਾਉਣ ਲਈ ਪਾਣੀ ਮੰਗਣ ਸਤਿਗੁਰਾਂ ਕੋਲ ਆ ਪਹੁੰਚਾ ਤਾਂ ਗੁਰੂ ਜੀ ਨੇ ਕਿਹਾ ਕਿ ਤੇਰਾ ਪਾਣੀ ਹੁਣ ਇਸ ਜਹਾਨ ਤੋਂ ਮੁਕ ਚੁੱਕਾ ਹੈ। ਹੁਣ ਤੂੰ ਆਪਣੇ ਵੀਰ ਅਤੇ ਦਾਦੇ ਕੋਲ ਪਹੁੰਚ ਕੇ ਆਪਣੀ ਪਿਆਸ ਮਿਟਾ।

ਇਹ ਕਥਾ ਸ਼ਰਧਾਵਾਨਾਂ ਵੱਲੋਂ ਦੁੱਖ ਨੂੰ ਹੋਰ ਗੂੜ੍ਹਿਆਂ ਕਰਨ ਵਾਸਤੇ ਸਿਰਜੀ ਗਈ ਜਾਪਦੀ ਹੈ। ਚੌਦਾਂ ਸਾਲਾਂ ਦੀ ਮਲੂਕੜੀ ਜਿੰਦ ਦੀ ਕਲਪਨਾ ਕਰਕੇ ਉਹਨਾਂ ਨੇ ਇਹ ਬਿਰਤਾਂਤ ਸਿਰਜਿਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਜੀ ਦੀ ਸਿੱਖਿਆ ਦੀਖਿਆ ਪ੍ਰਾਪਤ ਸਾਹਿਬਜ਼ਾਦਾ ਜੰਗ 'ਚੋਂ ਪਿੱਛੇ ਪਰਤਣਾ ਸੋਚ ਹੀ ਨਹੀਂ ਸਕਦਾ ਤੇ ਦੂਜਾ ਲੱਖਾਂ ਦੇ ਘੇਰੇ ਵਿਚੋਂ ਪਿੱਛੇ ਪਰਤ ਪਾਣੀ ਪੀਣ ਦੀ ਗੁੰਜਾਇਸ਼ ਹੀ ਕਿੱਥੇ ਸੀ। ਅਜਿਹੇ ਬੁਲਾਰੇ ਸਾਹਿਬਜ਼ਾਦੇ ਨਾਲ ਹਮਦਰਦੀ ਕਰਨ ਦੇ ਨਾਲ ਉਹਦੀ ਸ਼ਹੀਦੀ ਦਾ ਮੁਲ ਘਟਾਉਣ ਦੀ ਗੁਸਤਾਖ਼ੀ ਵੀ ਕਰਦੇ ਹਨ।

ਉਂਜ ਦੁਨਿਆਵੀ ਨਜ਼ਰ ਤੋਂ ਵੇਖਿਆ ਜਾਵੇ ਤਾਂ ਗੁਰੂ ਜੀ ਦਾ ਜਿਗਰਾ ਧੰਨ ਹੈ। ਪੁੱਤ ਦਿਲ ਦਾ ਲਹੂ ਪਾ ਕੇ ਜਵਾਨ ਕੀਤੀ ਖੇਤੀ ਹੁੰਦੇ ਹਨ। ਪੁੱਤ ਦੇ ਪੈਰ 'ਚ ਕੰਡਾ ਚੁਭੇ ਤਾਂ ਮਾਪਿਆਂ ਦੇ ਸੀਨੇ ਵਿਚ ਬਰਛੀ ਖੁਭਦੀ ਹੈ। ਕਿਵੇਂ ਸਹਿਣ ਕੀਤਾ ਹੋਵੇਗਾ ਪੁੱਤਾਂ ਦਾ ਆਪਣੀਆਂ ਅੱਖਾਂ ਅੱਗੇ ਸ਼ਹੀਦ ਹੋਣਾ।

ਛੋਟੇ ਸਾਹਿਬਜ਼ਾਦੇ ਦੀ ਸ਼ਹੀਦੀ ਪਿੱਛੋਂ ਇਕ ਹੋਰ ਪੰਜਾਂ ਸਿੰਘਾਂ ਦਾ ਜਥਾ ਮੈਦਾਨ-ਏ-ਜੰਗ ਨੂੰ ਭੇਜਿਆ ਗਿਆ। ਆਖ਼ਰ ਗੁਰੂ ਜੀ ਕੋਲ ਕੇਵਲ ਗਿਆਰਾਂ ਸਿੰਘ ਰਹਿ ਗਏ। ਹਨੇਰਾ ਹੋਣ ਉੱਤੇ ਦੁਸ਼ਮਣ ਨੇ ਬੰਦੇ ਮਰਵਾਉਣਾ ਸਿਆਣਪ ਨਾ ਸਮਝੀ ਤੇ ਉਹ ਪਿੰਡ ਤੋਂ ਬਾਹਰ ਘੇਰਾ ਪਾ ਕੇ ਬੈਠ ਗਏ।

ਰਾਤ ਨੂੰ ਗੜ੍ਹੀ ਵਿਚ ਬਚ ਗਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਗੜ੍ਹੀ ਛੱਡ ਕੇ ਚਲੇ ਜਾਣ ਕਿਉਂਕਿ ਜਿਹੜਾ ਸਿੱਖੀ ਦਾ ਬੂਟਾ ਉਹਨਾਂ ਨੇ ਲਾਇਆ ਸੀ ਤੇ ਜਿਸਨੂੰ ਆਪਣੇ ਪਰਵਾਰ ਅਤੇ ਸਿੱਖਾਂ ਸੇਵਕਾਂ ਦਾ ਖ਼ੂਨ ਪਾ ਕੇ ਉਹ ਸਿੰਜ ਰਹੇ ਸਨ, ਉਹਨਾਂ ਦੀ ਗ਼ੈਰ ਹਾਜ਼ਰੀ ਵਿਚ ਇਹ

ਬੂਟਾ ਸੁੱਕ ਮੁਰਝਾ ਜਾਣਾ ਸੀ। ਇਸ ਲਈ ਸਿੰਘਾਂ ਦੀ ਬੇਨਤੀ ਸੀ ਕਿ ਇਹ ਬੂਟਾ ਤਾਂ ਹੀ ਹਰਿਆ ਭਰਿਆ ਰਹਿ ਅਤੇ ਵਧ-ਵਿਗਸ ਸਕਦਾ ਸੀ ਜੇ ਗੁਰੂ ਜੀ ਜਿਊਂਦੇ ਗੜ੍ਹੀ ਵਿਚੋਂ ਬਚ ਨਿਕਲਣ ਪਰ ਗੁਰੂ ਜੀ ਦਾ ਸ੍ਵੈ-ਮਾਣ ਮੈਦਾਨ ਛੱਡ ਕੇ 'ਭੱਜ ਜਾਣਾ' ਮਿਹਣਾ ਸਮਝਦਾ ਸੀ।

ਪਰ ਜ਼ਮੀਨੀ ਹਕੀਕਤ ਤਾਂ ਉਹਨਾਂ ਨਾਲੋਂ ਵੱਧ ਹੋਰ ਕੌਣ ਜਾਣਦਾ ਸੀ। ਉਹ ਜਾਣਦੇ ਸਨ ਕਿ ਕੌਮ ਲਈ ਮਰ ਜਾਣ ਨਾਲੋਂ, ਜਿਊਂਦੇ ਰਹਿ ਕੇ ਕੌਮ ਲਈ ਕੰਮ ਕਰਨਾ ਹਜ਼ਾਰ ਗੁਣਾ ਔਖਾ ਹੈ ਤੇ ਉਹ ਇਹ ਔਖਾ ਕੰਮ ਕਰਨ ਲਈ ਤਿਆਰ ਹੋ ਗਏ।

ਆਪਣੀ ਕਲਗੀ ਦੀ ਖਾਲਸੇ ਨੂੰ ਬਖ਼ਸ਼ਸ਼ ਕੀਤੀ। ਸਿੰਘਾਂ ਨੇ ਇਸ ਬਖ਼ਸ਼ਸ਼ ਨੂੰ ਅੱਖਾਂ ਨਾਲ ਲਾ ਕੇ ਭਾਈ ਸੰਗਤ ਸਿੰਘ ਦੇ ਸੀਸ ਉਤੇ ਸਜਾ ਦਿੱਤਾ। ਗੁਰੂ ਜੀ ਤਿੰਨ ਸਿੰਘਾਂ ਭਾਈ ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਦੇ ਸਾਥ ਵਿਚ ਗੜ੍ਹੀ ਤੋਂ ਬਾਹਰ ਨਿਕਲੇ। ਸੰਗਤ ਦੇ ਹੁਕਮ ਅੱਗੇ ਸਿਰ ਝੁਕਾ ਗੜ੍ਹੀ ਛੱਡਣ ਵੇਲੇ ਵੀ ਗੁਰੂ ਜੀ ਦੀ ਅਣਖ ਨੇ ਚੁੱਪ ਚਾਪ ਤੁਰ ਜਾਣਾ ਸਵੀਕਾਰ ਨਾ ਕੀਤਾ। ਤਾੜੀਆਂ ਮਾਰ ਕੇ ਲਲਕਾਰ ਕੇ, "ਸਿੱਖਾਂ ਦਾ ਪੀਰ ਚੱਲਿਆ ਜੇ ਆਵੋ ਫੜ ਲੋ.." ਆਖਦੇ ਉਹ ਦੁਸ਼ਮਣ ਦੀਆਂ ਸਫ਼ਾਂ ਚੀਰਦੇ ਆਪਣੇ ਲਾਡਲੇ ਪੁੱਤਰਾਂ ਤੇ ਸਿੰਘਾਂ ਦੀਆਂ ਅਣਕੱਜੀਆਂ ਤੇ ਅਣਸੰਭਾਲੀਆਂ ਦੇਹਾਂ ਦੇ ਕੋਲੋਂ ਹਜ਼ਾਰਾਂ ਸਾਲਾਂ ਤੱਕ ਜਿਊਂਦੇ ਰਹਿਣ ਵਾਲਾ ਇਤਿਹਾਸ ਸਿਰਜਦੇ ਗੁਜਰ ਗਏ।

ਲਾਸਾਨੀ ਸ਼ਹਾਦਤਾਂ

ਜਸਵਿੰਦਰ ਸਿੰਘ ਹਿਸਟੋਰੀਅਨ

ਸਿੱਖ ਇਤਿਹਾਸ ਲਾਸਾਨੀ ਘਟਨਾਵਾਂ ਨਾਲ ਭਰਿਆ ਹੋਇਆ ਹੈ। ਜਿਨ੍ਹਾਂ ਦੀ ਮਿਸਾਲ ਕਿਧਰੇ ਵੀ ਮਿਲਣੀ ਮੁਸ਼ਕਿਲ ਹੈ। ਸਿੱਖ ਸਤਿਗੁਰੂਆਂ ਦੇ ਲੋਕ ਕਲਿਆਣ ਅਤੇ ਭਲਾਈ ਲਈ ਉਪਦੇਸ਼, ਗੁਰਬਾਣੀ, ਸ਼ਹਾਦਤਾਂ ਅਤੇ ਸਿੱਖਾਂ ਦੇ ਸੂਰਬੀਰਤਾ ਭਰੇ ਕਾਰਨਾਮਿਆਂ ਨੇ ਇਸ ਸਾਰੇ ਵਿਰਸੇ ਨੂੰ ਅਮੀਰ ਅਤੇ ਵਿਲੱਖਣ ਬਣਾਇਆ ਹੋਇਆ ਹੈ। ਇਸੇ ਵਿਰਸੇ ਦੀ ਯਾਦ ਵਜੋਂ ਸਾਲ 2004 ਵਿਚ ਤਿੰਨ ਸ਼ਤਾਬਦੀਆਂ ਆ ਰਹੀਆਂ ਹਨ-ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਉਤਸਵ, ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ 'ਪਹਿਲਾ ਪ੍ਰਕਾਸ਼' ਦਿਵਸ ਅਤੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰੇ ਸਾਹਿਬਜ਼ਾਦਿਆਂ ਦੇ ਚਮਕੌਰ ਅਤੇ ਸਰਹਿੰਦ ਵਿਖੇ ਸ਼ਹੀਦੀਆਂ ਪਾਉਣ ਦੇ 300 ਸਾਲਾ ਸ਼ਹੀਦੀ ਦਿਵਸ। ਇਹ ਸਾਰੀਆਂ ਸ਼ਤਾਬਦੀਆਂ ਬੜੇ ਹੀ ਉਤਸ਼ਾਹ ਅਤੇ ਸਤਿਕਾਰ ਨਾਲ ਇਸ ਸਾਲ ਮਨਾਈਆਂ ਜਾਣਗੀਆਂ। ਇਸ ਲੇਖ ਵਿਚ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਲਿਖ ਰਿਹਾ ਹਾਂ।

ਇਤਿਹਾਸ ਗਵਾਹ ਹੈ ਕਿ ਚਾਰਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਲਾਸਾਨੀ ਸੀ, ਵਿਸ਼ੇਸ਼ਕਰ ਛੋਟੇ ਦੋਨਾਂ ਸਾਹਿਬਜ਼ਾਦਿਆਂ ਦੀ ਕਿਉਂਕਿ ਛੋਟਾ ਸਾਹਿਬਜ਼ਾਦਿਆਂ ਦੀ ਉਮਰ ਕੇਵਲ ਸੱਤ ਅਤੇ ਨੌਂ ਸਾਲ ਦੀ ਹੀ ਸੀ ਜਦੋਂ ਉਹਨਾਂ ਨੂੰ ਜ਼ਾਲਮ ਮੁਗਲ ਹਕੂਮਤ ਦੇ ਸੂਬੇਦਾਰ ਦੀ ਕਚਹਿਰੀ ਵਿਚ ਭਿਆਨਕ ਵਾਤਾਵਰਣ ਦਾ ਸਾਹਮਣਾ ਕਰਨਾ ਪਿਆ ਸੀ। ਮੌਤ ਦਾ ਭੈ ਚੰਗੇ ਭਲੇ ਅਤੇ ਵੱਡੀ ਉਮਰ ਵਾਲਿਆਂ ਨੂੰ ਵੀ ਡੋਲਣ ਲਗਾ ਦਿੰਦਾ ਹੈ, ਪਰ ਕੋਮਲ ਅਤੇ ਕੱਚੀ ਉਮਰ ਦੇ ਬੱਚਿਆਂ ਨੇ ਹੌਸਲੇ ਅਤੇ ਦਲੇਰੀ ਨਾਲ ਜਿਸ ਤਰ੍ਹਾਂ ਹਾਲਾਤ ਦਾ ਸਾਹਮਣਾ ਕਰਕੇ ਸ਼ਹੀਦੀ ਪ੍ਰਾਪਤ ਕੀਤੀ, ਉਸਨੇ

ਅੱਗੇ ਆਉਂਦੇ ਸਮੇਂ ਵਿਚ ਨਿਰਭੈ ਹੋ ਕੇ ਹੌਸਲੇ ਨਾਲ ਧਰਮ ਤੋਂ ਕੁਰਬਾਨ ਹੋਣ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ।

21 ਦਸੰਬਰ 1704 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲਾ ਖਾਲੀ ਕਰ ਦਿੱਤਾ। ਮੁਗਲ ਫ਼ੌਜਾਂ ਆਪਣੀ ਸੁਗੰਧਾਂ ਵਿਸਾਰ ਕੇ ਗੁਰੂ ਸਾਹਿਬ ਜੀ ਅਤੇ ਉਹਨਾਂ ਦੇ ਸਿੱਖਾਂ ਤੇ ਟੁੱਟ ਪਏ। ਹਨੇਰੇ ਵਿਚ ਮੱਚੀ ਲੜਾਈ ਅਤੇ ਦੌੜ ਭੱਜ ਦਾ ਨਤੀਜਾ ਇਹ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਦੋਵੇਂ ਛੋਟੇ ਸਾਹਿਬਜ਼ਾਦੇ, ਮਹਿਲ ਅਤੇ ਮਾਤਾ ਗੁਜਰੀ ਜੀ ਵਿੱਛੜ ਗਏ। ਹਾਲਾਤਾਂ ਦੇ ਪ੍ਰਣਾਮ ਸਵਰੂਪ ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋਨਾਂ ਵੱਡੇ ਸਾਹਿਬਜ਼ਾਦਿਆਂ ਅਤੇ ਕੁਝ ਕੁ ਪਿਆਰੇ ਸਿੰਘਾਂ ਸਣੇ ਚਮਕੌਰ ਆ ਪੁੱਜੇ ਅਤੇ ਲਗਾਤਾਰ ਵੈਰੀ ਦਾ ਸਾਹਮਣਾ ਕਰਦੇ ਹੋਏ, ਇਕ ਕੱਚੀ ਜਿਹੀ ਹਵੇਲੀ ਵਿਚ ਆ ਠਹਿਰੇ। ਇਸ ਥਾਂ ਦਾ ਮਾਲਕ ਰੂਪ ਚੰਦ ਸੀ ਅਤੇ ਇਸ ਹਵੇਲੀ ਨੂੰ ਕੱਚੀ ਗੜ੍ਹੀ ਵੀ ਕਿਹਾ ਜਾਂਦਾ ਸੀ। ਇਸ ਚਮਕੌਰ ਦੀ ਗੜ੍ਹੀ ਵਿਚ ਆਪਣੇ ਨਾਲੋਂ ਬਹੁਤ ਵੱਡੀ ਗਿਣਤੀ ਵਿਚ ਆ ਇਕੱਠੇ ਹੋਏ ਹਕੂਮਤ ਦੇ ਫ਼ੌਜੀਆਂ ਨਾਲ ਲੜਦੇ ਹੋਏ ਗੁਰੂ ਜੀ ਦੇ ਦੋਨੋਂ ਵੱਡੇ ਸਾਹਿਬਜ਼ਾਦੇ, ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਵਿਚੋਂ ਤਿੰਨ ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਆਪਣੇ ਸਾਥੀ ਸਿੱਖਾਂ ਸਹਿਤ ਸ਼ਹੀਦ ਹੋ ਗਏ। ਬਚੇ ਸਿੱਖਾਂ ਸੇਵਕਾਂ ਦੀ ਅਰਜ਼ ਪ੍ਰਵਾਨ ਕਰ ਅਤੇ ਸਮਾਂ ਵਿਚਾਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਆਪ ਰਾਤ ਦੇ ਹਨੇਰੇ ਵਿਚ ਸਫਲਤਾਪੂਰਵਕ ਉਸ ਗੜ੍ਹੀ ਵਿਚੋਂ ਸਕੁਸ਼ਲ ਨਿਕਲ ਗਏ।

ਚਮਕੌਰ ਦੀ ਗੜ੍ਹੀ ਵਿਚ ਆਪਣੇ ਤੋਂ ਕਈ ਗੁਣਾਂ ਜ਼ਿਆਦਾ ਦੁਸ਼ਮਣ ਦਾ ਟਾਕਰਾ ਜਿਸ ਦਲੇਰੀ ਅਤੇ ਸੂਰਬੀਰਤਾ ਨਾਲ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਕੀਤਾ, ਉਹ ਬੇ-ਮਿਸਾਲ ਤਾਂ ਸੀ ਹੀ, ਉਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਉਹਨਾਂ ਦੇ ਗੁਰੂ ਪਿਤਾ ਜੀ ਨੇ ਜੋ ਅਣਖ ਦੀ ਜੋਤ ਜਗਾਈ ਸੀ, ਇਹਨਾਂ ਸਾਹਿਬਜ਼ਾਦਿਆਂ ਨੇ ਉਸ ਨੂੰ ਹੋਰ ਵੀ ਪ੍ਰਚੰਡ ਰੂਪ ਦੇ ਦਿੱਤਾ।

ਸ਼ਹਾਦਤ ਦੀ ਇਸੇ ਲੜੀ ਦਾ ਨਾਲ ਦਾ ਅਤੇ ਦੂਸਰਾ ਭਾਗ। ਅਨੰਦਪੁਰ ਤੋਂ ਨਿਕਲਦੇ ਸਮੇਂ ਮੁਗਲ ਹਕੂਮਤ ਦੇ ਸਿਪਾਹਸਲਾਰਾਂ ਦੀ ਵਾਦਾ-ਖ਼ਲਾਫੀ ਕਾਰਨ ਉਪਜੀ ਲੜਾਈ ਦੇ ਪਰਿਣਾਮ ਸਵਰੂਪ ਦੋਨੋਂ ਛੋਟੇ ਸਾਹਿਬਜ਼ਾਦੇ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਗੁਰੂ ਗੋਬਿੰਦ ਸਿੰਘ ਤੋਂ ਵਿਛੜ ਗਏ ਅਤੇ ਹਾਲਾਤ ਐਸੇ ਬਣੇ ਕਿ ਦਾਦੀ ਅਤੇ ਪੋਤਰਿਆਂ ਨੂੰ ਵੱਡੇ ਇਨਾਮ ਦੇ ਲਾਲਚ ਵਿਚ ਪਕੜ ਕੇ ਸੂਬਾ ਸਰਹਿੰਦ ਵਜ਼ੀਰ ਖਾਂ ਪਾਸ ਭੇਜ ਦਿੱਤਾ ਗਿਆ। ਹੁਣ ਸ਼ੁਰੂ ਹੁੰਦਾ ਹੈ ਨਿੱਕੀਆਂ ਜਿੰਦਾਂ, ਵੱਡੇ ਕਾਰਨਾਮੇ। ਦੋਨਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿਚ ਗ੍ਰਿਫ਼ਤਾਰ ਕਰਕੇ ਰੱਖਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਅਤੇ ਫੇਰ ਚਮਕੌਰ ਦੀ ਕਮਜ਼ੋਰ ਜਿਹੀ ਗੜ੍ਹੀ ਵਿਚੋਂ ਸੁਰੱਖਿਅਤ ਨਿਕਲ ਜਾਣ ਕਰਕੇ ਸੂਬਾ ਵਜ਼ੀਰ ਖਾਂ ਬਹੁਤ ਔਖਾ ਅਤੇ ਦੁਖੀ ਸੀ। ਹੁਣ ਉਸ ਦੇ ਪ੍ਰਮੁੱਖ ਨਿਸ਼ਾਨਾ, ਗੁਰੂ ਸਾਹਿਬ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਉਸ ਦੀ ਕੈਦ ਵਿਚ ਸਨ। ਇਸ ਲਈ ਉਹ ਆਪਣੀ ਸਾਰੀ ਭੜਾਸ ਇਹਨਾਂ ਤੇ ਉਤਾਰ ਦੇਣੀ ਚਾਹੁੰਦਾ ਸੀ। ਉਸ ਨੂੰ ਯਕੀਨ ਸੀ ਕਿ ਮੌਤ ਦਾ ਭਿਆਨਕ ਢੰਗ ਅਤੇ ਡਰ ਦਿਖਾ ਕੇ ਉਹ ਛੋਟੇ ਛੋਟੇ ਬੱਚਿਆਂ ਨੂੰ ਛੇਤੀ ਹੀ ਮੁਸਲਮਾਨ ਬਣਾ ਲਵੇਗਾ। ਇਸ ਤਰ੍ਹਾਂ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਨੀਚਾ ਦਿਖਾ ਸਕੇਗਾ।

ਦੋਨਾਂ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਬਿਨਾਂ ਦਾਦੀ ਦੇ, ਦਰਬਾਰ ਵਿਚ ਪੇਸ਼ ਕੀਤਾ ਗਿਆ। ਵਜ਼ੀਰ ਸੁੱਚਾ ਨੰਦ ਸੂਬੇ ਦੀ ਮਦਦ ਕਰ ਰਿਹਾ ਸੀ ਅਤੇ ਹਰ ਤਰ੍ਹਾਂ ਦੀ ਸਲਾਹ ਦੇ ਰਿਹਾ ਸੀ। ਵਜ਼ੀਰ ਖਾਂ ਚਮਕੌਰ ਵਲੋਂ ਅਸਫ਼ਲ ਹੋ ਕੇ ਅਜੇ ਆਇਆ ਹੀ ਸੀ। ਉਸਨੇ ਆਪਣੀ ਅਸਫਲਤਾ ਦਾ ਸਾਰਾ ਗੁੱਸਾ ਬੱਚਿਆਂ ਤੇ ਲਾਹਿਆ। ਉਹਨਾਂ ਨੂੰ ਸਜ਼ਾ-ਇ-ਮੌਤ ਬਾਰੇ ਦੱਸਿਆ ਗਿਆ ਕਿ ਉਹ ਇਸਲਾਮ ਕਬੂਲ ਕਰ ਲੈਣ। ਉਹਨਾਂ ਬੱਚਿਆਂ ਦੀ ਜਾਨ ਬਖ਼ਸ਼ੀ ਤਾਂ ਹੋਵੇਗੀ ਹੀ, ਅੱਗੇ ਤੋਂ ਵਧੀਆ ਜ਼ਿੰਦਗੀ ਦੇ ਸਾਰੇ ਸਾਧਨ ਉਹਨਾਂ ਲਈ ਮੁਹੱਈਆ ਰਹਿਣਗੇ।

ਲੇਕਿਨ ਵਜ਼ੀਰ ਖਾਂ ਏਥੇ ਵੀ ਅਸਫ਼ਲ ਹੀ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਛੋਟੇ ਸਾਹਿਬਜ਼ਾਦਿਆਂ ਆਪਣੀ ਉਮਰ ਤੋਂ ਕਿਤੇ ਵੱਧ ਸਿਆਣਪ ਤੇ ਦਲੇਰੀ ਦਿਖਾਈ ਅਤੇ ਆਪਣੇ ਗੁਰੂ ਪਿਤਾ ਦੇ ਉਪਦੇਸ਼ਾਂ ਤੇ ਪਹਿਰਾ ਦਿੰਦਿਆਂ ਹੋਇਆਂ ਅਡੋਲਤਾ ਅਤੇ ਨਿਡਰਤਾ ਨਾਲ ਸੂਬੇ ਨੂੰ ਮੂੰਹ ਤੋੜਵਾਂ ਉੱਤਰ ਦਿੱਤਾ। ਭਰੀ ਕਚਹਿਰੀ ਵਿਚ ਵਜ਼ੀਰ ਖਾਂ ਦੀ ਮਿੱਟੀ ਪਲੀਤ ਹੋਈ। ਫੇਰ ਵੀ ਸੂਬੇ ਨੇ ਮੌਤ ਦਾ ਜ਼ੋਰਦਾਰ ਡਰ ਦੇ ਕੇ ਅਗਲੇ ਦਿਨ ਫੇਰ ਪੇਸ਼ ਕਰਨ ਦਾ ਹੁਕਮ ਦਿੱਤਾ।

ਗੱਲ ਅਗਲੇ ਦਿਨ ਵੀ ਉਹੀ ਰਹੀ। ਦੋਨਾਂ ਸਾਹਿਬਜ਼ਾਦਿਆਂ ਨੂੰ ਮੌਤ ਦਾ ਕੋਈ ਭੈ ਨਹੀਂ ਸੀ। ਉਹਨਾਂ ਦੇ ਚਿਹਰਿਆਂ ਤੇ ਜਲਾਲ ਸੀ। ਜਦੋਂ ਇਸਲਾਮ ਕਬੂਲ ਕਰਵਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਸਾਬਤ ਹੋਈਆਂ ਤਾਂ ਸੂਬੇ ਨੇ ਕਾਜੀ ਪਾਸੋਂ ਫਤਵਾ ਮੰਗਿਆ। ਛੋਟੇ ਛੋਟੇ ਬੱਚਿਆਂ ਨੂੰ ਦੇਖਕੇ ਵਜ਼ੀਰ ਖਾਂ ਦਾ ਕਾਜੀ ਵੀ ਕੋਈ ਕਠੋਰ ਸਜ਼ਾ ਤਜਵੀਜ਼ ਨਹੀਂ ਸੀ ਕਰ ਰਿਹਾ। ਮਲੇਰ ਕੋਟਲੇ ਦਾ ਨਵਾਬ ਵੀ ਉਸ ਸਮੇਂ ਕਚਹਿਰੀ ਵਿਚ ਹਾਜਰ ਸੀ। ਸ਼ੇਰ ਮੁਹੰਮਦ ਖਾਂ, ਨਵਾਬ ਮਲੇਰ ਕੋਟਲੇ ਨੇ ਬੱਚਿਆਂ ਦੇ ਪੱਖ ਵਿਚ ਵਿਚਾਰ ਪ੍ਰਗਟਾਏ ਪਰ ਦੀਵਾਨ ਸੁੱਚਾ ਨੰਦ ਦੀ ਸਲਾਹ ਤੇ ਅਤੇ ਸੂਬੇ ਦੇ ਗੁੱਸੇ ਤੋਂ ਬਚਣ ਲਈ ਮਜਬੂਰ ਹੋ ਕੇ ਕਾਜ਼ੀ ਨੇ ਬੱਚਿਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਫਤਵਾ ਦੇ ਦਿੱਤਾ। ਇਸ ਤੇ ਵੀ ਬੱਚਿਆਂ ਦੀ ਦਲੇਰੀ ਤੇ ਕੋਈ ਫਰਕ ਨਹੀਂ ਪਿਆ। ਉਹਨਾਂ ਨੇ ਸੂਬਾ ਸਰਹਿੰਦ ਦੀ ਹਰ ਗੱਲ ਦਾ ਢੁਕਵਾਂ ਉੱਤਰ ਦਿੱਤਾ। ਹੁਣ ਅੰਤਮ ਨਤੀਜਾ ਸੀ- ਸ਼ਹਾਦਤ। ਇਸ ਤਰ੍ਹਾਂ ਜ਼ਾਲਮਾਂ ਦੇ ਕਹਿਰ ਸਹਿੰਦਿਆਂ ਅਗਲੇ ਦਿਨ ਦੋਵੇਂ ਬੱਚੇ ਸ਼ਹੀਦ ਕਰ ਦਿੱਤੇ ਗਏ। ਛੋਟੇ ਛੋਟੇ ਬੱਚਿਆਂ ਦੀ ਦਲੇਰੀ ਅਤੇ ਮੌਤ ਨੂੰ ਇਸ ਤਰ੍ਹਾਂ ਸਵੀਕਾਰ ਕਰਨ ਦੀ ਕਿਧਰੇ ਵੀ ਮਿਸਾਲ ਨਹੀਂ ਮਿਲਦੀ। ਬੱਚਿਆਂ ਨੇ ਆਪਣੇ ਗੁਰੂ ਪਿਤਾ ਦੇ ਉਪਦੇਸ਼ ਤੇ ਚਲਦਿਆਂ ਦਲੇਰੀ ਅਤੇ ਸ਼ਹੀਦੀ ਦੀ ਨਵੀਂ ਪੈੜ ਸਿਰਜੀ। ਮਾਤਾ ਗੁਜਰੀ ਜੀ ਵੀ ਆਪਣੇ ਪੋਤਰਿਆਂ ਨੂੰ ਵਹਿਸ਼ੀਆਨਾ ਢੰਗ ਨਾਲ ਦਿੱਤੀ ਸਜ਼ਾ ਸੁਣਕੇ ਝੱਟ ਹੀ ਚਲਾਣਾ ਕਰ ਗਏ।

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਬਾਰੇ ਕਈ ਤਰ੍ਹਾਂ ਦੇ ਅਤੇ ਅਲੱਗ-ਅਲੱਗ ਵਿਚਾਰ ਮਿਲਦੇ ਹਨ। ਕੋਈ ਇਸ ਸਾਕੇ ਦਾ ਜ਼ੁੰਮੇਵਾਰ ਰਸੋਈਏ ਬ੍ਰਾਹਮਣ ਗੰਗੂ ਨੂੰ ਮੰਨਦਾ ਹੈ ਅਤੇ ਕੋਈ ਨਹੀਂ। ਇਸੇ ਤਰ੍ਹਾਂ ਕਈ ਇਤਿਹਾਸ ਲਿਖਣ ਵਾਲੇ ਬੱਚਿਆਂ ਨੂੰ ਕਤਲ ਕੀਤੇ ਜਾਣ ਦਾ ਜ਼ਿਕਰ ਕਰਦੇ ਹਨ ਅਤੇ ਕਈ ਕਹਿੰਦੇ ਹਨ ਕਿ ਕੰਧਾਂ ਵਿਚ ਚਿਣਵਾ ਕੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ। ਕੁਝ ਲੇਖਕ ਲਿਖਦੇ ਹਨ ਕਿ ਬੱਚਿਆਂ ਨੂੰ ਜਲਾਦ ਨੇ ਜ਼ਿਬਾਹ ਕੀਤਾ ਸੀ। ਰਤਨ ਸਿੰਘ ਭੰਗੂ ਲਿਖਦਾ ਹੈ-

ਹੁਤੋ ਊਹਾਂ ਥੋ ਛੁਰਾ ਇਕ ਵਾਰੋ,
ਦੈ ਗੋਡੇ ਹੇਠ ਜਿਬਾਹ ਕਰ ਡਾਰੋ।
ਤੜਫ ਤੜਫ ਗਈ ਜਿੰਦ ਉਡਾਇ,
ਇਮ ਸ਼ੀਰ ਖੋਰ ਦੁਏ ਗਏ ਕਤਲਾਇ॥

ਲੇਕਿਨ ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਲਿਖਦਾ ਹੈ-

ਅਧਮ ਤਬੈ ਤਲਵਾਰ ਚਲਾਈ,
ਸਿਰ ਜੋਰਾਵਰ ਦਿਯੋ ਗਿਰਾਈ।
ਬਹੁਰ ਦੂਸਰੋ ਵਾਰ ਪ੍ਰਹਾਰਾ।
ਫਤੇ ਸਿੰਘ ਕੋ ਸੀਸ ਉਤਾਰਾ॥

ਗੱਲ ਕੀ ਸ਼ਹਾਦਤ ਦਾ ਢੰਗ ਕੋਈ ਵੀ ਕਿਓਂ ਨਾ ਹੋਵੇ, ਇਸ ਗੱਲ ਨਾਲ ਸਾਰੇ ਹੀ ਸਹਿਮਤ ਹਨ ਕਿ ਦੋਨਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬੜੀ ਹੀ ਨਿਰਦੈਤਾ ਨਾਲ ਸੂਬਾ ਸਰਹਿੰਦ ਨੇ ਕੀਤੀ ਸੀ ਅਤੇ ਛੋਟੇ ਛੋਟੇ ਗੁਰੂ ਜੀ ਦੇ ਲਾਲਾਂ ਨੇ ਮੌਤ ਦਾ ਜਰਾ ਵੀ ਡਰ ਨਹੀਂ ਮਹਿਸੂਸ ਕੀਤਾ ਅਤੇ ਨਿਰਭੈ ਹੋ ਕੇ ਜ਼ੁਲਮ ਦਾ ਸਾਹਮਣਾ ਕੀਤਾ। ਧਰਮ ਨਹੀਂ ਹਾਰਿਆ, ਸ਼ਹਾਦਤ ਪਾ ਲਈ। ਇਹ ਭਾਣਾ 27 ਦਸੰਬਰ 1704 ਈ. ਦਾ ਹੈ। ਇਹਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਦੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਇਸ ਸਾਲ ਦਸੰਬਰ ਵਿਚ 300 ਸਾਲ ਪੂਰੇ ਹੋ ਰਹੇ ਹਨ। 300 ਸਾਲਾ ਸ਼ਹੀਦੀ ਦਿਵਸ ਮਨਾ ਕੇ ਸਾਰਾ ਜਗਤ ਗੁਰੂ ਜੀਦੇ ਲਾਲਾਂ ਨੂੰ ਯਾਦ ਕਰੇਗਾ ਅਤੇ ਸ਼ਰਧਾ

ਫੁੱਲਾਂ ਦੀ ਭੇਂਟ ਤਾਂ ਕਰੇਗਾ ਹੀ, ਲੇਕਿਨ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਣ ਦੀ ਲੋੜ ਹੈ ਜੋ ਧਰਮ ਪਾਸਿਓਂ ਮੁਨਕਰ ਹੋ ਕੇ ਸਿੱਖੀ ਸਰੂਪ ਛੱਡਦੀ ਜਾ ਰਹੀ ਹੈ ਅਤੇ ਨਸ਼ਿਆਂ ਵੱਲ ਰੁਚਿਤ ਹੋ ਰਹੀ ਹੈ।

ਸਾਡੀ ਸਭ ਦੀ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਚਾਰਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪਾਏ ਪੂਰਨਿਆਂ ਤੇ ਚਲਦਿਆਂ ਹੋਇਆਂ ਬੱਚਿਆਂ ਨੂੰ ਮੁੜ ਗੁਰੂ ਉਪਦੇਸ਼ਾਂ ਵੱਲ ਨੂੰ ਪ੍ਰੇਰੀਏ, ਨਹੀਂ ਤਾਂ ਫੇਰ ਦੇਰ ਹੋ ਜਾਵੇਗੀ।

ਛੋਟੀਆਂ ਜਿੰਦਾਂ ਵੱਡੇ ਸਾਕੇ

ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਵਿਸਥਾਰ ਵਿਚ ਜਾਣ ਤੋਂ ਪਹਿਲੋਂ ਉਸ ਮਾਹੌਲ ਅਤੇ ਹਾਲਤਾਂ ਸੰਬੰਧੀ ਜਾਣਨਾ ਪਵੇਗਾ, ਜਿਨ੍ਹਾਂ ਹਾਲਤਾਂ ਵਿਚ ਸਾਹਿਬਜ਼ਾਦਿਆਂ ਦਾ ਜਨਮ, ਪਾਲਣ-ਪੋਸ਼ਣ ਅਤੇ ਫਿਰ ਦਿਲ ਕੰਬਾਊ ਸ਼ਹੀਦੀ ਹੋਈ

- ਅਜੀਤ ਸਿੰਘ ਲਾਇਲ

ਗੁਰੂ ਨਾਨਕ ਦੇਵ ਜੀ ਨੇ ਸਿੱਖੀ-ਸਰੂਪ ਦਾ ਖਾਕਾ ਚਿਤਰਿਆ ਸੀ ਉਸ ਵਿਚ ਸਮੇਂ-ਸਮੇਂ ਵਕਤ ਦੇ ਰਹਿਨੁਮਾਵਾਂ ਨੇ ਜਿਹੜੇ ਰੰਗ ਭਰੇ, ਉਸ ਨਾਲ ਇਹ ਸਿੱਖੀ-ਸਰੂਪ ਦੀ ਤਸਵੀਰ ਲਾਸਾਨੀ ਅਤੇ ਬੇ-ਮਿਸਾਲ ਹੋ ਨਿੱਬੜੀ। ਰਾਗ, ਨਾਦ ਅਤੇ ਰੱਬੀ ਰੰਗ ਵਿਚ ਰੰਗੀਆਂ ਰੂਹਾਂ ਨੇ ਅਜਿਹਾ ਇਤਿਹਾਸ ਸਿਰਜਿਆ ਜੋ ਆਪਣੀ ਬੁੱਕਲ ਵਿਚ ਅਧਿਆਤਮਵਾਦ ਦੇ ਨਾਲ-ਨਾਲ ਬੇ-ਮਿਸਾਲ ਘਟਨਾਵਾਂ, ਗਾਥਾਵਾਂ, ਸ਼ਹੀਦੀਆਂ, ਸਾਕੇ ਅਤੇ ਘੱਲੂਘਾਰੇ ਸਮੇਟੀ ਬੈਠਾ ਹੈ।

ਸਾਕਾ-ਸਰਹਿੰਦ ਸਿੱਖ ਇਤਿਹਾਸ ਵਿਚ ਕਰਬਲਾ ਦੀ ਕਹਾਣੀ ਹੈ ਜਿਸਨੇ ਸਿੱਖ ਕੌਮ ਵਿਚ ਇਕ ਨਵਾਂ ਜੋਸ਼, ਅਣਖ ਅਤੇ ਦੇਸ਼-ਧਰਮ ਤੋਂ ਮਰ ਮਿੱਟਣ ਦਾ ਵਲਵਲਾ ਹੋਰ ਪਰਜਵਲਿਤ ਕੀਤਾ। ਉਵੇਂ ਹੀ ਜਿਵੇਂ ਇਕਬਾਲ ਨੇ ਲਿਖਿਆ ਹੈ:-

"ਇਸਲਾਮ ਜ਼ਿੰਦਾ ਹੋਤਾ ਹੈ
ਹਰ ਕਰਬਲਾ ਕੇ ਬਾਅਦ"

ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਵਿਸਥਾਰ ਵਿਚ ਜਾਣ ਤੋਂ ਪਹਿਲੋਂ ਸਾਨੂੰ ਉਸ ਮਾਹੌਲ ਅਤੇ ਹਾਲਾਤਾਂ ਸੰਬੰਧੀ ਜਾਣਨਾ ਪਵੇਗਾ, ਜਿਨ੍ਹਾਂ ਹਾਲਤਾਂ ਵਿਚ ਸਾਹਿਬਜ਼ਾਦਿਆਂ ਦਾ ਜਨਮ, ਪਾਲਣ-ਪੋਸ਼ਣ ਅਤੇ ਫਿਰ ਦਿਲ ਕੰਬਾਊ ਸ਼ਹੀਦੀ ਹੋਈ।

ਗੁਰੂ ਗੋਬਿੰਦ ਸਿੰਘ ਜੀ ਨੇ ਨਾਹਨ ਦੇ ਰਾਜੇ ਦੀ ਬੇਨਤੀ ਪ੍ਰਵਾਨ ਕਰਦਿਆਂ ਪਾਉਂਟੇ ਲਈ ਕਿਆਮ ਕੀਤਾ। ਪਾਉਂਟੇ ਮਨਮੋਹਕ ਵਾਤਾਵਰਨ ਵਿੱਚ ਜਮਨਾ ਦੇ ਕੰਢੇ ਲੰਬਾ ਸਮਾਂ ਪੁਰਾਤਨ ਗ੍ਰੰਥਾਂ ਦਾ ਅਧਿਐਨ, ਚਿੰਤਨ ਅਤੇ ਸਾਹਿਤ ਸਿਰਜਣਾ ਦਾ ਕੰਮ ਹੋਇਆ। ਪਰ ਅਚਾਨਕ ਇਸ ਕਾਵਿਕ ਅਤੇ ਸ਼ਾਂਤਮਈ ਮਾਹੌਲ ਵਿਚ ਵਿਘਨ ਪੈ ਗਿਆ ਜਦੋਂ ਅਕਾਰਨ .ਹੀ ਗੜ੍ਹਵਾਲ ਦੇ ਰਾਜੇ ਫਤਹਿ ਚੰਦ ਅਤੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਅਗ਼ਵਾਈ ਹੇਠ, ਪਹਾੜੀ ਫੌਜਾਂ ਨੇ ਪਾਉਂਟੇ ਤੇ ਹੱਲਾ ਬੋਲ ਦਿੱਤਾ। ਗੁਰੂ ਸਾਹਿਬ ਬਿਚਿਤ੍ਰ ਨਾਟਕ ਵਿਚ ਵਰਣਨ ਕਰਦੇ ਹਨ:-

ਫਤੇ ਸਾਹ ਕੋਪਾ ਤਬਿ ਰਾਜਾ
ਲੋਹ ਪਰਾ ਹਮ ਸੋ ਬਿਨੁ ਕਾਜਾ॥

ਸਿੱਖ ਭਾਵੇਂ ਲੜਾਈ ਦੇ ਤਰੀਕਿਆਂ ਤੋਂ ਅਨਜਾਣ ਸਨ, ਪਰ ਜਿਸ ਫੁਰਤੀ ਅਤੇ ਬਹਾਦਰੀ ਨਾਲ ਉਨ੍ਹਾਂ ਨੇ ਪੇਸ਼ਾਵਰ ਫ਼ੌਜਾਂ ਦਾ ਮੁਕਾਬਲਾ ਕੀਤਾ, ਪਹਾੜੀ ਫ਼ੌਜਾਂ ਨੂੰ ਮੈਦਾਨ ਛੱਡ ਕੇ ਭੱਜਣਾ ਪਿਆ। ਸਿੱਖਾਂ ਦਾ ਆਤਮ ਸਨਮਾਨ ਅਤੇ ਆਪਣੇ ਬਾਹੂ-ਬਲ ਤੇ ਭਰੋਸਾ ਵਧਿਆ। ਇਹ ਜੰਗ ਭੰਗਾਣੀ ਦੇ ਸਥਾਨ ਤੇ 18 ਸਤੰਬਰ 1688 ਈ. ਨੂੰ ਹੋਇਆ। ਇਸ ਤੋਂ ਜਲਦੀ ਹੀ ਪਿੱਛੋਂ ਗੁਰੂ ਸਾਹਿਬ ਨੇ ਅਨੰਦਪੁਰ ਆਉਣ ਦਾ ਫ਼ੈਸਲਾ ਕਰ ਲਿਆ। ਅਨੰਦਪੁਰ ਆ ਕੇ ਜਿਥੇ ਗੁਰਮਤਿ ਪ੍ਰੰਪਰਾਵਾਂ ਦਾ ਪ੍ਰਵਚਨ ਨਿਰੰਤਰ ਚਲਦਾ ਰਿਹਾ ਉਥੇ ਬੀਰ-ਰਸ ਦੀ ਗੁੜ੍ਹਤੀ ਵੀ ਜ਼ਰੂਰੀ ਹੋ ਗਈ ਅਤੇ ਬੀਰ-ਰਸ ਦੀਆਂ ਰਚਨਾਵਾਂ ਦਾ ਉਚਾਰਨ ਅਤੇ ਗਾਇਨ ਵੀ ਨਿੱਤ-ਕਰਮ ਦਾ ਇਕ ਜ਼ਰੂਰੀ ਹਿੱਸਾ ਬ਼ਣ ਗਿਆ:-

ਅਰੁ ਸਿਖ ਹੋ ਆਪਣੇ ਹੀ ਮਨ ਕੋ
ਇਹ ਲਾਲਚ ਹਉ ਗੁਣ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਅਨੰਦਪੁਰ ਕੇਂਦਰ ਬਣਨ ਨਾਲ, ਸਿੱਖ-ਸੰਗਤਾਂ ਵਹੀਰਾਂ ਘੱਤ ਕੇ ਗੁਰੂ ਦਰਸ਼ਨਾਂ ਲਈ ਆਉਣ ਲੱਗੀਆਂ। ਦਿਨ ਪ੍ਰਤੀਦਿਨ ਸਿੱਖਾਂ ਦੀ ਅਤੇ ਅਨੰਦਪੁਰ ਦੀ ਕੀਰਤੀ ਵਧਣ ਲੱਗੀ। 30 ਮਾਰਚ 1699 ਨੂੰ ਵਿਸਾਖੀ ਦੇ

ਪੁਰਬ ਤੇ ਜਦੋਂ ਪੰਥ-ਖਾਲਸੇ ਦੀ ਸਿਰਜਨਾ ਕਰ ਸਿੱਖਾਂ ਨੂੰ ਇਕੋ ਜਿਹਾ ਨਾਮ, ਰੂਪ-ਸਰੂਪ ਬਖ਼ਸ਼ਿਆ ਅਤੇ ਪੰਜਾਂ ਕਕਾਰਾਂ ਨਾਲ ਸੁਸਜਿਤ ਕਰ ਦਿੱਤਾ ਤਾਂ ਸੰਤ-ਸਿਪਾਹੀਆਂ ਦੀ ਜਮਾਤ ਨੇ ਸ਼ਾਹੀ-ਫੌਜ ਦਾ ਝਲਕਾਰਾ ਦਿੱਤਾ। ਪ੍ਰੋ. ਹਰਬੰਸ ਸਿੰਘ ਅਨੁਸਾਰ "ਅੰਮ੍ਰਿਤ ਦੀ ਰਸਾਇਣਤਾ ਅਤੇ ਅਧਿਆਤਮਿਕਤਾ ਤੋਂ ਉਪਜੇ ਪੁਨਰ-ਸੁਰਜੀਤੀ ਦੇ ਸਿਧਾਂਤ ਦੀ ਮਦਦ ਨਾਲ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਦੇ ਦਿਲਾਂ ਨੂੰ ਵਿਸ਼ਵਾਸ ਅਤੇ ਬੀਰਤਾ ਦੀ ਛੋਹ ਲਾਈ, ਉਨ੍ਹਾਂ ਹਿੰਦੁਸਤਾਨੀਆਂ ਦੇ ਨਿਢਾਲ ਤੇ ਮੁਰਦਾ ਜਿਸਮਾਂ ਵਿਚ ਜਾਨ ਪਾਈ ਅਤੇ ਆਖਿਆ:-

ਬਾਣੀ ਦੇ ਤੇਜ ਵਿਚੋਂ, ਖੰਡੇ ਦੀ ਧਾਰ ਵਿਚੋਂ
ਸਜੁਗਾ ਸਿੰਘ ਜਿਹੜਾ ਦਿਸੂ ਹਜ਼ਾਰ ਵਿਚੋਂ।

ਇਹ ਸਮਾਂ ਸਿੱਖਾਂ ਦੀ ਵਧਦੀ ਕੀਰਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਵਧਦੇ ਪ੍ਰਤਾਪ ਦਾ ਸੀ। ਅਜਿਹੇ ਹੀ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ 3 ਸੰਮਤ 1743 ਨੂੰ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਜਨਮ ਫੱਗਣ ਸੁਦੀ7 ਸੰਮਤ 1755 ਬਿਕ੍ਰਮੀ ਨੂੰ ਮਾਤਾ ਜੀਤੋ ਦੇ ਉਦਰ ਤੋਂ ਅਨੰਦਪੁਰ ਸਾਹਿਬ ਵਿਖੇ ਹੋਇਆ। ਲਾਸਾਨੀ ਸਿੱਖ ਇਤਿਹਾਸ ਦਾ ਵਿਰਸਾ ਇਨ੍ਹਾਂ ਸਿੱਖੀ ਦੇ ਵਾਰਸਾਂ ਲਈ ਗੁੜ੍ਹਤੀ ਸੀ। ਗੁਰੂ ਨਾਨਕ ਦੀ ਅਧਿਆਤਮਿਕਤਾ, ਗੁਰੂ ਅਰਜਨ ਦੀ ਸ਼ਹਾਦਤ, ਗੁਰੂ ਤੇਗ ਬਹਾਦਰ ਦੀ ਕੁਰਬਾਨੀ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਸੰਘਰਸ਼ਮਈ ਜ਼ਿੰਦਗੀ ਦਾ ਗੌਰਵਮਈ ਇਤਿਹਾਸ ਉਹ ਪੌੜਾਂ ਸਨ, ਜਿਨ੍ਹਾਂ ਨੇ ਸਿੱਖੀ ਦੇ ਇਨ੍ਹਾਂ ਵਾਰਸਾਂ ਦੀ ਰਹਿਨੁਮਾਈ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਹੀ ਜਲੌਅ ਅਤੇ ਸਿੱਖਾਂ ਦੀ ਵਧਦੀ ਤਾਕਤ ਤੇ ਪ੍ਰਤਾਪ ਨੇ ਪਹਾੜੀ ਰਾਜਿਆਂ ਅੰਦਰ ਈਰਖਾ ਅਤੇ ਸਾੜਾ ਪੈਦਾ ਕਰ ਦਿੱਤਾ। ਨਿੱਤ ਦੀਆਂ ਲੜਾਈਆਂ ਅਤੇ ਜੰਗਾਂ ਨਾਲ ਅਨੰਦਪੁਰ ਨੂੰ ਘੇਰਾ ਪਾ ਲਿਆ ਗਿਆ। ਸਿੱਖ ਘੇਰਾ ਤੋੜਨ ਦੀ ਕੋਸ਼ਿਸ਼ ਕਰਦੇ ਰਹੇ, ਕਈ ਮਹੀਨੇ ਜੰਗ ਚੱਲਦਾ ਰਿਹਾ ਪਰ ਵੈਰੀ ਦੀਆਂ ਫੌਜਾਂ ਦਾ ਟਿੱਡੀ-ਦੱਲ ਜਿਉਂ ਦਾ ਤਿਉਂ ਘੇਰਾ-ਘੱਤੀ ਚੁਫੇਰੇ ਤਾਇਨਾਤ ਰਿਹਾ। ਜਦੋਂ ਸਿੰਘਾਂ ਨੇ ਈਨ ਨਾ ਮੰਨੀ ਤਾਂ ਪਹਾੜੀ ਰਾਜਿਆਂ ਅਤੇ ਮੁਗਲ ਫੌਜਦਾਰਾਂ ਮਿਲਕੇ ਇਕ ਹੋਰ

ਚਾਲ ਚੱਲੀ। ਪਹਾੜੀਆਂ ਨੇ ਗਊ ਦੀ ਕਸਮ ਚੁੱਕ ਅਤੇ ਮੁਗਲ ਫੌਜਦਾਰਾਂ ਕੁਰਾਨ ਦੀ ਕਸਮ ਚੁੱਕ ਗੁਰੂ ਸਾਹਿਬ ਵੱਲ ਪੇਸ਼ਕਸ਼ ਭੇਜੀ ਕਿ ਜੇ ਸਿੱਖ ਫੌਜਾਂ ਕਿਲਾ ਖਾਲੀ ਕਰ ਦੇਣ ਤਾਂ ਉਨ੍ਹਾਂ ਲਈ ਸੁਰੱਖਿਅਤ ਲਾਂਘਾ ਦਿੱਤਾ ਜਾਏਗਾ। ਗੁਰੂ ਜੀ ਇਨ੍ਹਾਂ ਚਾਲਾਂ ਨੂੰ ਭਲੀ-ਭਾਂਤ ਜਾਣਦੇ ਸਨ ਪਰ ਸਿੰਘਾਂ ਅਤੇ ਮਾਤਾ ਜੀ ਵੱਲੋਂ ਜ਼ੋਰ ਪਾਣ ਤੇ ਕਿਲਾ ਖਾਲੀ ਕਰਨ ਦਾ ਫ਼ੈਸਲਾ ਕਰ ਲਿਆ ਗਿਆ।

5-6 ਦਸੰਬਰ ਦੀ ਕਕਰੀਲੀ ਰਾਤ ਨੂੰ ਡੇਢ ਕੁ ਹਜ਼ਾਰ ਸਿਰਲੱਥ ਸਿੱਘਾਂ ਦਾ ਇਹ ਕਾਫ਼ਲਾ, ਜਿਸ ਵਿਚ ਬੱਚੇ ਵੀ ਸਨ ਤੇ ਬੀਬੀਆਂ ਵੀ, ਨਿਰਭੈ ਸੈਨਾਪਤੀ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਹੇਠ ਕਿਲੇ 'ਚੋਂ ਬਾਹਰ ਨਿਕਲਿਆ। ਡਾ. ਹਰਨਾਮ ਸਿੰਘ ਸ਼ਾਨ ਲਿਖਦੇ:-

"ਕੀਰਤਪੁਰ ਟੱਪਦਿਆਂ ਹੀ ਇਨ੍ਹਾਂ ਮੁੱਠੀ ਭਰ ਯੋਧਿਆਂ ਨਾਲ ਜੋ ਵਿਸਾਹਘਾਤ ਹੋਇਆ, ਸ਼ਾਹੀ ਫੌਜਾਂ ਨੇ ਜਿਸ ਬੇਹਿਯਾਈ ਤੇ ਬੇਰਹਿਮੀ ਨਾਲ ਉਨ੍ਹਾਂ ਨੂੰ ਗਿਰਝਾਂ ਵਾਂਗ ਆ ਦਬੋਚਿਆ, ਗੁਰੂਦੇਵ ਨੇ ਜਿਸ ਦਲੇਰੀ ਤੇ ਦ੍ਰਿੜ੍ਹਤਾ ਨਾਲ ਉਨ੍ਹਾਂ ਦੇ ਵਾਰ ਠੱਲੇ, ਭੁੱਖੇ-ਭਾਣੇ ਬੱਚਿਆਂ ਨੇ ਜਿਸ ਸਿਦਕ ਤੇ ਸੂਰਮਤਾਈ ਨਾਲ ਟਾਕਰਾ ਕੀਤਾ ਅਤੇ ਗਿਣਵੇਂ ਸਿਖ-ਸੇਵਕਾਂ ਨੇ ਜਿਸ ਬਹਾਦਰੀ ਤੇ ਜਾਂਬਾਜੀ ਦਾ ਸਬੂਤ ਦਿੱਤਾ, ਉਸ ਦਾ ਬਿਆਨ ਮਨੁੱਖੀ ਹਿਰਦੇ ਨੂੰ ਕੰਬਾਅ ਦਿੰਦਾ ਹੈ। ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਦੀ ਬੁਛਾੜ ਤੋਂ ਕੰਨੀ ਬਚਾਉਂਦਿਆਂ ਅਤੇ ਸਿਆਲੀ ਵਰਖਾ ਨਾਲ ਅਚਾਨਕ ਚੜ੍ਹ ਆਈ ਸਰਸਾ ਵਿਚ ਠਿੱਲ੍ਹਦਿਆਂ ਅਤੇ ਉਸਨੂੰ ਪਾਰ ਕਰਦਿਆਂ ਕਈ ਮਰੇ ਕਈ ਡੁੱਬੇ, ਕਈ ਰੁੜ੍ਹੇ ਤੇ ਜੋ ਸ਼ੂਕਦੇ, ਬਰਫ਼ੀਲੇ ਪਾਣੀ ਦੀ ਫੇਟ ਤੋਂ ਬਚ ਕੇ ਮਸਾਂ ਪਾਰ ਪਹੁੰਚੇ ਉਹ ਅਜਿਹੇ ਖੇਰੂੰ ਖੇਰੂੰ ਹੋਏ ਕਿ ਮੁੜ ਮੇਲ ਹੀ ਨਾ ਹੋਇਆ। ਗੁਰੂ ਗੋਬਿੰਦ ਸਿੰਘ ਵੱਡੇ ਦੋਵਾਂ ਸਾਹਿਬਜ਼ਾਦਿਆਂ ਅਤੇ ਕੁਝ ਸਿੰਘਾਂ ਨਾਲ ਰੋਪੜ ਵੱਲ ਨਿਕਲ ਗਏ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ, ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਨਿਕਲ ਗਏ। ਛੋਟਾ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ, ਵਹੀਰ ਨਾਲੋਂ ਵਿਛੜਿਆਂ ਨੂੰ ਕੁਝ ਲੇਖਕਾਂ ਅਨੁਸਾਰ ਗੰਗੂ ਰਸੋਈਆ ਮਿਲ ਗਿਆ। ਦੁੱਨਾ ਸਿੰਘ ਹੰਡੂਰੀਆ ਉਸ ਦਾ ਵਰਣਨ ਕਰਦਿਆਂ ਲਿਖਦਾ ਹੈ:-

ਮਾਤਾ ਜੀ ਕੋ ਸੀਸ ਟੇਕ ਤਬ ਏਹੁ ਕਹੀ-
ਚਲੋ ਹਮਾਰੀ ਮਾਤਾ ਨੇਤ ਬਿਧਿ ਯਹ ਸਹੀ।

ਉਸ ਨੇ ਮਾਤਾ ਜੀ ਅਤੇ ਬਾਬਾ ਫਤਿਹ ਸਿੰਘ ਨੂੰ ਇਕ ਘੋੜੇ ਤੇ ਬਿਠਾਇਆ ਅਤੇ ਦੂਸਰੇ ਤੇ ਧਨ ਦੌਲਤ ਦੀਆਂ ਖੁਰਜੀਆਂ ਅਤੇ ਬਾਬਾ ਜੋਰਾਵਰ ਸਿੰਘ ਨੂੰ ਬਿਠਾ ਆਪ ਅੱਗੇ ਲੱਗ ਆਪਣੇ ਪਿੰਡ ਸਹੇੜੀ ਨੂੰ ਲੈ ਤੁਰਿਆ।

ਸ੍ਰੀ ਮਾਤਾ ਜੀ ਅਰੁ ਫਤੇ ਸਿੰਘ
ਏਕ ਘੋੜੇ ਪੈ ਚਢੇ।
ਜੋਰਾਵਰ ਸਿੰਘ ਜੁ ਪਾਇ ਖੁਰਜੀ,
ਅਵਰ ਘੋੜੇ ਪੈ ਪਢੇ।
ਚਮਕੌਰ ਤੇ ਜਬ ਗਏ ਚੌਤੇ,
ਦੁਸ਼ਟ ਕੇ ਮਨ ਯਹ ਭਈ
ਦ੍ਰਬ ਹਮਰੇ ਹਾਤ ਆਯੋ,
ਮੋੜ ਤਬ ਘਰ ਕੇ ਲਈ।

ਆਪਣੇ ਘਰ ਜਾ ਕੇ ਮਾਤਾ ਜੀ ਨੂੰ ਬਿਸਰਾਮ ਕਰਨ ਨੂੰ ਕਿਹਾ ਅਤੇ ਆਪ ਰਾਤ ਹੋਣ ਦਾ ਇੰਤਜ਼ਾਰ ਕਰਨ ਲੱਗਾ। ਜਦੋਂ ਰਾਤ ਪਈ ਤਾਂ

ਭਈ ਰੈਣ ਖੁਰਜੀ ਤਿਨ ਲੀਨੀ
ਜਾ ਕਰ ਚੋਏ ਮਹਿ ਗਡ ਦੀਨੀ।

ਸਵੇਰੇ ਉੱਠ ਮੁਰਿੰਡੇ ਦੇ ਰੰਘੜ ਕੋਤਵਾਲ ਨੂੰ ਬੁਲਾ ਲਿਆਇਆ। ਕੋਤਵਾਲ ਨੇ ਮਾਤਾ ਜੀ ਤੋਂ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਤਾਂ ਗੰਗੂ ਆਪ ਹੀ ਅੱਗੋਂ ਬੋਲ ਪਿਆ-

ਤਬ ਮਸੰਦ ਐਸੇ ਭੁਨ ਕਹੈ।
ਗੋਬਿੰਦ ਸਿੰਘ ਏਹ ਮਾਤਾ ਅਹੈ।
ਦੋਇ ਸੁਤ ਹੈਂ ਯਿਨ ਤਿਨ ਕੇ ਮਾਨਹੁ
ਚੋਰ ਢੋਰ ਤੁਮਰੇ ਯਹ ਜਾਨਹੁ॥

ਫਿਰ ਕੋਤਵਾਲ ਨੇ,

ਫਤੇ ਸਿੰਘ ਜੋਰਾਵਰ ਸਿੰਘ
ਤਹਿੰ ਪਾਇ ਬੋਰੀ ਮੈ ਲਏ

ਊਪਰ ਸੁ ਘੋੜੇ ਲਾਦ ਕੇ,

ਤਿਨ ਬਹੁ ਆਗੇ ਕਰ ਲਏ।

23 ਦਸੰਬਰ 1704 ਈ. ਨੂੰ ਮੁਰਿੰਡੇ ਦੇ ਕੋਤਵਾਲ ਨੇ ਮਾਤਾ ਗੁਜਰੀ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਵਜ਼ੀਰ ਖਾਂ ਦੇ ਦਰਬਾਰ ਵਿਚ ਪੇਸ਼ ਕੀਤਾ। ਵਜ਼ੀਰ ਖਾਂ ਨੇ ਵੇਖਦਿਆਂ ਹੀ ਹੁਕਮ ਕੀਤਾ-

ਕੰਬਖਤ ਦੇਖਤੇ ਹੀ ਯਿ ਬੋਲਾ "ਅਤਾਬ" ਸੇ

ਫਿਲਹਾਲ ਇਨ ਕੋ ਕੈਦ ਮੇਂ ਰੱਖੋ ਗੁਜਾਬ ਸੇ।

ਦੋਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਇਕ ਬਹੁਤ ਉੱਚੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ, ਜੋ ਚੁਫੇਰਿਉਂ ਖੁੱਲ੍ਹਾ ਸੀ ਅਤੇ ਪੋਹ ਦੇ ਮਹੀਨੇ ਜਿਥੇ ਹਰ ਪਾਸਿਓਂ ਠੰਢੀ ਹਵਾ ਲਗਦੀ ਸੀ।

24 ਦਸੰਬਰ ਦੀ ਸਵੇਰ ਹੋਈ ਤਾਂ ਸੁੱਚਾ ਨੰਦ ਨੇ ਸੂਬੇ ਵਜ਼ੀਰ ਖਾਂ ਦੇ ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਿਆਂ ਖ਼ਿਲਾਫ਼ ਕੰਨ ਭਰਨੇ ਸ਼ੁਰੂ ਕਰ ਦਿੱਤੇ।

ਇਸ ਰੋਜ਼ ਸੁਚਾ ਨੰਦ

ਯਹ ਬੋਲਾ ਨਵਾਬ ਸੇ-

ਮੰਗਵਾਕੇ ਕਲਗੀਧਰ ਕੇ

"ਪਿਸਰ" ਇੰਤਕਾਮ ਲੋ॥

ਮਾਸੂਮ ਉਨੇ ਸਮਝ ਕੇ

ਦਯਾ ਸੇ ਨ ਕਾਮ ਲੋ॥

ਸੂਬੇ ਨੇ ਸੁੱਚਾ ਨੰਦ ਦੀਆਂ ਗੱਲਾਂ ਸੁਣ ਕੇ ਉਸ ਨੂੰ ਹੀ ਸਾਹਿਬਜ਼ਾਦਿਆਂ ਨੂੰ ਲੈਣ ਭੇਜਿਆ-

ਬੱਚੋਂ ਕੋ ਲੇਨੇ ਆਏ ਗਰਜ਼ ਚੰਦ ਬੇ-ਹਯਾ

ਸਰਦਾਰ ਇਨਕਾ ਕਹਤੇ ਸੁੱਚਾ ਨੰਦ ਥਾ।

ਸਾਹਿਬਜ਼ਾਦੇ ਚੜ੍ਹਦੀ ਕਲਾ ਵਿਚ ਸਨ ਅਤੇ ਬੜੀ ਦ੍ਰਿੜ੍ਹਤਾ ਨਾਲ ਸੂਬੇ ਅੱਗੇ ਪੇਸ਼ ਹੋਏ। ਸੂਬੇ ਨੇ ਨਾਮ ਪੁੱਛਿਆ ਤਾਂ ਸਾਹਿਬਜ਼ਾਦਿਆਂ ਦਾ ਜਵਾਬ ਸੀ-

ਗੋਬਿੰਦ ਸਿੰਘ ਕੇ ਪੂਤ ਹਮ,

ਦਾਦੀ ਗੁਜਰੀ ਪਾਹਿ।

ਫਤਿਹ ਸਿੰਘ, ਜੋਰਾਵਰ ਸਿੰਘ
ਨਾਮ ਹਮਾਰੇ ਆਹਿ।

ਨਿਡਰਤਾ ਅਤੇ ਨਿਰਭੈਤਾ ਨਾਲ ਦਿੱਤਾ ਜਵਾਬ ਸੁਣ ਕੇ, ਸਾਰਿਆਂ ਅਮੀਰਾਂ ਵਜੀਰਾਂ ਨੇ ਮੂੰਹ ਵਿਚ ਉਂਗਲ ਪਾ ਲਈ। ਅੱਲਾ ਯਾਰ ਖਾਂਹ ਜੋਗੀ ਲਿਖਦਾ ਹੈ-

ਬੱਚੋਂ ਕਾ ਰੋਅਬ ਛਾ ਗਯਾ
ਹਰ ਇਕ ਮਸ਼ੀਰ ਪਰ
"ਲਰਜਾ" ਸਾ ਪੜ ਗਯਾ
ਥਾ ਅਮੀਰੋ ਵਜ਼ੀਰ ਪਰ।

ਵਜੀਰ ਖਾਂ ਨੇ ਸਾਹਿਬਜ਼ਾਦਿਆਂਨੂੰ ਇਸਲਾਮ ਕਬੂਲ ਕਰਕੇ ਠਾਠ-ਬਾਠ ਦੀ ਜ਼ਿੰਦਗੀ ਬਸਰ ਕਰਨ ਦੀ ਸਲਾਹ ਦਿੱਤੀ। ਰੁਪਏ ਪੈਸੇ ਦਾ ਲਾਲਚ ਦਿੱਤਾ ਅਤੇ ਬਾਦਸ਼ਾਹੀ ਸੁਖ ਭੋਗਣ ਦਾ ਮਸ਼ਵਰਾ ਦਿੱਤਾ-

ਇਸ ਦਮ ਕਰੋ ਕਬੂਲ ਅਗਰ
ਸ਼ਾਹ ਕੇ ਦੀਨ ਕੋ।
ਫਿਰ ਆਸਮਾਂ ਬਨਾ ਦੂੰ
ਤੁਮਾਰੀ ਜ਼ਮੀਨ ਕੋ।

ਸਾਹਿਬਜ਼ਾਦਿਆਂ ਨੇ ਸੂਬੇ ਦੀ ਪੇਸ਼ਕਸ਼ ਠੁਕਰਾਉਂਦਿਆਂ ਬੜੀ ਬੇਬਾਕੀ ਨਾਲ ਕਿਹਾ:-

ਆਤੀ ਨਹੀਂ ਸ਼ਰਮ ਹੈ
ਜ਼ਰਾ ਤੁਝ ਕੋ ਐ ਨਵਾਬ-
ਕੀ ਤੂੰ ਕੁਰਾਨ ਨਹੀਂ ਪੜ੍ਹਿਆ?
ਲਿਖਾ ਹੈ ਸਾਫ ਤੁਮਾਰੀ ਕਿਤਾਬ ਮੇਂ।
ਫੈਲਾਓ ਦੀਂ "ਬ ਜ਼ਬਰ"
ਨ ਤੁਮ ਸ਼ੈਖੋ ਸ਼ਾਬ ਮੇਂ।

ਸਾਹਿਬਜ਼ਾਦਿਆਂ ਦੇ ਅਜਿਹੇ ਨਿਡਰਤਾ ਵਾਲੇ ਜਵਾਬ ਸੁਣ ਕੇ ਸੂਬਾ ਤੈਸ਼ ਵਿਚ ਆ ਗਿਆ ਅਤੇ ਡਰਾਉਣ ਧਮਕਾਉਣ ਤੇ ਉੱਤਰ ਆਇਆ। ਸਿਰ ਕਲਮ ਕਰਨ ਦੀ ਧਮਕੀ ਦੇਂਦਿਆਂ ਕਚਹਿਰੀ ਬਰਖ਼ਾਸਤ ਕਰ ਦਿੱਤੀ।

ਸਿਪਾਹੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਇਨ੍ਹਾਂ ਨੂੰ ਦੀਨ ਕਬੂਲਣ ਅਤੇ ਝੁਕਾਉਣ ਲਈ ਹਰ ਵਾਜਿਬ ਢੰਗ ਤਰੀਕਾ ਵਰਤਿਆ ਜਾਵੇ।

25 ਦਸੰਬਰ ਨੂੰ ਸਾਹਿਬਜ਼ਾਦੇ ਫਿਰ ਕਚਹਿਰੀ ਵਿਚ ਪੇਸ਼ ਹੋਏ। ਸੂਬਾ ਸਾਹਿਬਜ਼ਾਦਿਆਂ ਨੂੰ ਆਖਣ ਲੱਗਾ ਤੁਹਾਡੇ ਖਾਨਦਾਨ ਦੇ ਸਾਰੇ ਲੋਕ ਮਾਰੇ ਜਾ ਚੁੱਕੇ ਹਨ। ਘਰ ਘਾਟ ਤਬਾਹ ਹੋ ਚੁੱਕਾ ਹੈ। ਮੈਨੂੰ ਤੁਹਾਡੀ ਛੋਟੀ ਉਮਰ ਅਤੇ ਮਾਸੂਮੀਅਤ ਤੇ ਤਰਸ ਆਉਂਦਾ ਹੈ। ਤੁਸੀਂ ਦੀਨ ਕਬੂਲ ਕਰਕੇ ਨਾਲੇ ਸ਼ਾਹੀ ਸੁਖ ਭੋਗੋ ਨਾਲੇ ਆਪਣੀ ਜਾਨ ਬਚਾਓ।

ਕਹਯੋ ਬਜੀਦੈ ਨੇ ਤਬੈ
ਸਾਹਿਬਜਾਦਿਯੋਂ ਤਾਂਇ।
ਦੀਨ ਕਬੂਲ ਮੋਰ ਤੁਮ ਕਰੋ,
ਨਹੀਂ ਤੁ ਦਿਹੁ ਕਤਲਾਇ॥ *(ਪੰਥ ਪ੍ਰਕਾਸ਼)*

ਪਰ ਸਾਹਿਬਜ਼ਾਦਿਆਂ ਨੂੰ ਨਾ ਸੰਸਾਰੀ ਸੁਖਾਂ ਦੀ ਤਮੰਨਾ ਸੀ ਅਤੇ ਨਾ ਹੀ ਮੌਤ ਦੀ ਕੋਈ ਪ੍ਰਵਾਹ। ਉਨ੍ਹਾਂ ਦਾ ਜਵਾਬ ਸੀ-

ਧਰਮ ਨਾ ਤਜੈ ਹੈਂ,
ਕਬੀ ਤੁਰਕ ਨ ਬਨੈਂ ਹੈਂ
ਸੀਸ ਨਿੱਜ ਦੈ ਹੈਂ,
ਜੈਸੇ ਬਡਯੋਂ ਨੇ ਦੀਏ ਹੈਂ। *(ਪੰਥ ਪ੍ਰਕਾਸ਼)*

ਕਿਉਂਕਿ

ਹਮਰੇ ਬੰਸ ਰੀਤਿ ਇਹ ਆਇ
ਸੀਸ ਦੇਤਿ ਪਰ ਧਰਮ ਨ ਜਾਈ।

ਵਜ਼ੀਰ ਖਾਂ ਨੇ ਜਵਾਬ ਸੁਣ, ਕਾਜੀ ਨੂੰ ਸ਼ਰ੍ਹਾ ਅਨੁਸਾਰ ਫ਼ੈਸਲਾ ਸੁਣਾਉਣ ਲਈ ਆਖਿਆ ਅਤੇ ਤਾਕੀਦ ਕੀਤੀ ਕਿ ਸਜ਼ਾ ਸਖ਼ਤ ਤੋਂ ਸਖ਼ਤ ਹੋਵੇ। ਕਾਜ਼ੀ ਨੇ ਵਿਚਾਰ ਪ੍ਰਗਟ ਕੀਤਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ ਦੀ ਸਜ਼ਾ ਦੇਣ ਦੀ ਇਜ਼ਾਜਤ ਨਹੀਂ ਦਿੰਦਾ। ਸੁੱਚਾ ਨੰਦ ਨੇ ਹੱਥੋਂ ਬਾਜ਼ੀ ਜਾਂਦੀ ਵੇਖ ਸੂਬੇ ਨੂੰ ਸੰਬੋਧਨ ਕਰਦਿਆਂ ਆਖਿਆ, ਜਨਾਬ ਇਨ੍ਹਾਂ ਸਪੋਲੀਆਂ ਨੂੰ ਨਵਾਬ ਮਲੇਰਕੋਟਲਾ ਸ਼ੇਰਖਾਨ ਅਤੇ ਖਿਜ਼ਰ ਖਾਨ ਦੇ ਹਵਾਲੇ ਕਰ ਦਿੱਤਾ ਜਾਵੇ ਤਾਂ ਕਿ ਉਹ ਅਨੰਦਪੁਰ

ਦੀ ਲੜਾਈ ਵਿਚ ਮਾਰੇ ਆਪਣੇ ਭਰਾ ਦਾ ਬਦਲਾ ਲੈ ਸਕਣ ਇਸ ਤੋਂ ਪਹਿਲਾਂ ਕਿ ਸੂਬਾ ਕੁਝ ਬੋਲਦਾ ਨਵਾਬ ਮਲੇਰਕੋਟਲਾ ਇਕ ਦਮ ਬੋਲ ਪਏ-

ਬਦਲਾ ਹੀ ਲੇਨਾ ਹੋਗਾ
ਤੋ ਹਮ ਲੇਂਗੇ ਬਾਪ ਸੇ।
ਮਹਿਫੂਜ਼ ਰੱਖੇ ਹਮ ਕੋ
ਖੁਦਾ ਐਸੇ ਪਾਪ ਸੇ।

ਗੱਲ ਸਿਰੇ ਚੜ੍ਹਦੀ ਨਾ ਵੇਖ ਕੇ ਸੁੱਚਾ ਨੰਦ ਨੇ ਸੂਬੇ ਨੂੰ ਉਕਸਾਇਆ ਕਿ ਬੱਚੇ ਬਾਗ਼ੀ ਹਨ, ਕੱਲ ਨੂੰ ਜਵਾਨ ਹੋ ਕੇ ਸਰਕਾਰ ਖ਼ਿਲਾਫ਼ ਬਗ਼ਾਵਤ ਕਰਨਗੇ। ਇਸ ਤੋਂ ਪਹਿਲੋਂ ਕਿ ਇਹ ਹਕੂਮਤ ਲਈ ਕੰਡਾ ਬਨਣ ਪਹਿਲੋਂ ਹੀ ਜੰਮਦੀਆਂ ਸੂਲਾਂ ਨੂੰ ਮਸਲ ਦੇਣਾ ਚਾਹੀਦਾ ਹੈ। ਫਿਰ ਕੀ ਸੀ ਸੂਬੇ ਦੇ ਇਸ਼ਾਰੇ ਤੇ ਸੂਬੇ ਦੇ ਹੀ ਟੁੱਕੜ-ਬੋਚ ਕਾਜ਼ੀ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦੇਣ ਦਾ ਫਤਵਾ ਦੇ ਦਿੱਤਾ। ਨਵਾਬ ਮਲੇਰਕੋਟਲੇ ਨੇ ਇਸ ਫ਼ੈਸਲੇ ਤੇ ਅਸਹਿਮਤੀ ਪ੍ਰਗਟਾਈ ਅਤੇ ਰੋਸ ਵਜੋਂ ਕਚਹਿਰੀ ਵਿਚੋਂ ਉੱਠ ਕੇ ਚਲੇ ਗਏ।

26 ਦਸੰਬਰ 1704 ਦੀ ਉਹ ਮਨਹੂਸ ਘੜੀ ਆ ਪਹੁੰਚੀ ਜਦੋਂ ਇਹ ਜੱਗੋਂ ਬਾਹਰੀ ਵਾਪਰੀ-ਜਦੋਂ ਮਾਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਨ ਦੀ ਤਿਆਰੀ ਹੋਣ ਲੱਗੀ-

ਈਟੇਂ ਮੰਗਾਈ ਚੂਨਾ ਭੀ
ਫੌਰਨ ਬ ਹਮ ਕੀਆ,
"ਯਾਰਾ" ਨਹੀਂ ਬਿਆਨ ਕਾ
ਫਿਰ ਜੁ ਸਿਤਮ ਕੀਆ।

ਜਦੋਂ ਦੀਵਾਰ ਛਾਤੀ ਤੱਕ ਚਿਣੀ ਗਈ ਤਾਂ ਇਹ ਢਾਂਚਾ ਗਿਰ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚੋਂ ਬੇਹੋਸ਼ੀ ਦੀ ਹਾਲਤ ਵਿਚ ਕੱਢਿਆ ਗਿਆ। ਪ੍ਰੋ. ਹਰਬੰਸ ਸਿੰਘ ਲਿਖਦੇ ਹਨ, "ਇਸੇ ਬੇਹੋਸ਼ੀ ਦੀ ਹਾਲਤ ਵਿਚ ਸਾਹਿਬਜ਼ਾਦਿਆਂ ਨੂੰ ਵਾਪਸ ਜੇਲ੍ਹ ਵਿਚ ਲੈ ਜਾਇਆ ਗਿਆ ਜਿਥੇ ਕੁਝ ਸਮੇਂ ਬਾਅਦ ਉਹ ਹੋਸ਼ ਵਿਚ ਆ ਗਏ।"

27 ਦਸੰਬਰ ਨੂੰ ਫਿਰ ਸਾਹਿਬਜ਼ਾਦੇ ਕਚਹਿਰੀ ਵਿਚ ਪੇਸ਼ ਹੋਏ। ਫਿਰ

ਇਸਲਾਮ ਕਬੂਲਣ ਦੀ ਰੱਟ ਲਗਾਈ ਪਰ ਸਾਹਿਬਜ਼ਾਦੇ ਉਵੇਂ ਹੀ ਅਡੋਲ ਰਹੇ। ਸੂਬੇ ਦੇ ਹੁਕਮ ਤੇ 13 ਪੋਹ ਸੰਮਤ 1752 ਬਿਕ੍ਰਮੀ ਮੁਤਾਬਿਕ 27 ਦਸੰਬਰ 1704 ਈ. ਨੂੰ ਅਨਹੋਣੀ ਵਾਪਰੀ ਜਦੋਂ ਜਲਾਦਾਂ ਨੇ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਅਲੱਗ ਕਰ ਦਿੱਤੇ। ਦੀਵਾਨ ਟੋਡਰਮੱਲ ਨੇ ਇਹ ਖ਼ਬਰ ਮਾਤਾ ਗੁਜਰੀ ਤੱਕ ਪਹੁੰਚਾਈ। ਬਿਰਧ ਅਵਸਥਾ ਕਾਰਨ ਮਾਤਾ ਜੀ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿਚ ਨਾ ਆਏ। ਇਹ ਉਹ ਦੁਖਾਂਤ ਸੀ ਜਿਸਨੇ ਸਿੱਖ ਮਾਨਸਿਕਤਾ ਤੇ ਗਹਿਰਾ ਪੱਛ ਮਾਰਿਆ।

ਲਖਤੇ ਜਿ.ਗਰ ਕਟਵਾ ਦੀਏ
ਚਿਨਵਾ ਦੀਏ ਦੀਵਾਰ ਮੇਂ,
ਉ.ਫ ! ਨਾ ਕੀ ਕਿਤਨਾਂ ਭਰੋਸਾ
ਥਾ ਪਰਵਰਦਿਗਾਰ ਮੇਂ॥





ਅਤਿ ਹੀ ਰਣਿ ਮੈ ਤਬ ਜੂਝ ਮਰੋਂ...

ਵਿਸ਼ਵ ਨਾਮਧਾਰੀ ਸੰਗਤ(ਰਜਿ:) ਸ੍ਰੀ ਭੈਣੀ ਸਾਹਿਬ - 141126

artCave Printers. Ph: 0161-2774236, 5533557. M. 98146-34177